27-SEP-PAGE-1.qxd 9/26/2023 9:35 PM Page 1

ਬੁੱਧਵਾਰ, 27 ਸਤੰਬਰ, 2023
11 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 117

ਨਵਾਂ ਜ਼ਮਾਨਾ

DAILY NAWAN ZAMANA • WEDNESDAY, 27 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ

ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨੂੰ ਕੋਰੀ ਨਾਂਹ, ਚੰਡੀਗੜ੍ਹ ਸਿਰਫ਼ ਪੰਜਾਬ ਦਾ : ਭਗਵੰਤ ਮਾਨ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)

ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਜ਼ੋਨਲ ਕੌਂਸਲ ਦੀ 31ਵੀਂ ਮੀਟਿੰਗ 'ਚ ਸੂਬੇ ਦੇ ਵੱਖ-ਵੱਖ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਚੁੱਕਿਆ। ਮੀਟਿੰਗ ਦੀ ਸ਼ੁਰੂਆਤ ਵਿੱਚ ਮੁੱਖ ਮੰਤਰੀ ਨੇ ਸੂਬਾ ਸਰਕਾਰ ਅਤੇ ਪੰਜਾਬ ਦੇ ਲੋਕਾਂ ਦੀ ਕੇਂਦਰੀ ਗ੍ਰਹਿ ਮੰਤਰੀ ਅਤੇ ਹੋਰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਦਾ ਨਿੱਘਾ ਸਵਾਗਤ ਕੀਤਾ। ਉੱਤਰੀ ਜ਼ੋਨਲ ਕੌਂਸਲ ਦੀ 31ਵੀਂ ਮੀਟਿੰਗ ਪਵਿੱਤਰ ਸ਼ਹਿਰ 'ਚ ਕਰਵਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਾਵਨ ਨਗਰੀ ਦਾ ਸਮੁੱਚੀ ਮਨੁੱਖਤਾ ਦੇ ਦਿਲਾਂ ਵਿੱਚ ਡੂੰਘਾ ਸਤਿਕਾਰ ਹੈ, ਜਿੱਥੇ ਹਰ ਰੋਜ਼ ਇਕ ਲੱਖ ਸ਼ਰਧਾਲੂ ਅਕੀਦਤ ਭੇਟ ਕਰਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਨ। ਮਾਨ ਨੇ ਕਿਹਾ ਕਿ ਅਤੀਤ ਵਿੱਚ ਇਹ ਸ਼ਹਿਰ ਕਾਰੋਬਾਰੀ ਸਰਗਰਮੀਆਂ ਦਾ ਕੇਂਦਰ ਰਿਹਾ ਹੈ ਅਤੇ ਸੂਬਾ ਸਰਕਾਰ ਦੇ ਯਤਨਾਂ ਸਦਕਾ ਇਹ ਸ਼ਹਿਰ ਛੇਤੀ ਹੀ ਮੱਧ ਏਸ਼ੀਆ ਅਤੇ ਉਸ ਤੋਂ ਪਾਰ ਦੀਆਂ ਮੰਡੀਆਂ ਲਈ ਪ੍ਰਵੇਸ਼ ਦੁਆਰ ਬਣੇਗਾ।

ਮਿਹਨਤੀ ਤੇ ਬਹਾਦਰ ਪੰਜਾਬੀਆਂ ਨੇ ਪੰਜ ਦਰਿਆਵਾਂ ਦੀ ਇਸ ਧਰਤੀ 'ਤੇ ਇਤਿਹਾਸ ਦੇ ਕਈ ਪੰਨੇ ਪਲਟਦੇ ਦੇਖੇ ਹਨ। ਦੇਸ਼ ਦੇ ਅੰਨ ਭੰਡਾਰ ਵਜੋਂ ਨਾਮਣਾ ਖੱਟਣ ਦੇ ਨਾਲ-ਨਾਲ ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਵੀ ਮਾਣ ਹਾਸਲ ਹੈ ਅਤੇ ਪੰਜਾਬੀਆਂ ਨੂੰ ਵਿਸ਼ਵ ਭਰ 'ਚ ਆਪਣੀ ਬਹਾਦਰੀ, ਸਹਿਣਸ਼ੀਲਤਾ ਤੇ ਉੱਦਮੀ ਭਾਵਨਾ ਕਰ ਕੇ ਜਾਣਿਆ ਜਾਂਦਾ ਹੈ। ਸਾਡੇ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਮਿਹਨਤੀ ਪੰਜਾਬੀ, ਜਿਹੜੇ ਦੁਨੀਆ ਭਰ ਵਿੱਚ ਆਪਣੇ ਉੱਦਮੀ ਹੁਨਰ, ਸਹਿਣਸ਼ੀਲਤਾ ਅਤੇ ਕੁਸ਼ਲਤਾ ਕਰ ਕੇ ਜਾਣੇ ਜਾਂਦੇ ਹਨ। ਉਹਨਾ ਕਿਹਾ ਕਿ ਉੱਤਰੀ ਜ਼ੋਨਲ ਕੌਂਸਲ ਸਾਡੇ ਆਰਥਕ

ਵਿਕਾਸ ਲਈ ਅੰਤਰਰਾਜੀ ਸਹਿਯੋਗ ਦੇ ਪੱਧਰ ਨੂੰ ਵਧਾਉਣ ਲਈ ਇਹ ਬਹੁਤ ਵਧੀਆ ਪਲੇਟਫਾਰਮ ਹੈ। ਉਨ੍ਹਾ ਕਿਹਾ ਕਿ ਇਹ ਸਾਡੇ ਸਾਰਿਆਂ ਦੇ ਹਿੱਤ 'ਚ ਹੈ ਕਿ ਅਸੀਂ ਇਕੱਠੇ ਬੈਠੀਏ ਅਤੇ ਇਸ ਖਿੱਤੇ, ਜਿਹੜਾ ਭੂਗੋਲਿਕ ਤੌਰ ਉਤੇ ਜ਼ਮੀਨੀ ਹੱਦਾਂ ਤੇ ਸਰਹੱਦਾਂ ਨਾਲ ਜੁੜਿਆ ਹੋਣ ਕਾਰਨ ਹਮੇਸ਼ਾ ਨੁਕਸਾਨ ਵਿੱਚ ਰਿਹਾ ਹੈ, ਦੇ ਸਮਾਜਕ-ਆਰਥਕ ਵਿਕਾਸ ਦੀਆਂ ਬਿਹਤਰੀਨ ਸੰਭਾਵਨਾਵਾਂ ਲੱਭੀਏ।

ਮੂਲਕ 'ਚ ਸਹੀ ਮਾਅਨਿਆਂ 'ਚ ਸੰਘੀ ਢਾਂਚੇ ਦੀ ਲੋੜ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਮੁੱਚੇ ਸਿਆਸੀ ਪਰਿਪੇਖ ਵਿੱਚ ਇਹ ਗੱਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਸੂਬਿਆਂ ਨੂੰ ਵਧੇਰੇ ਵਿੱਤੀ ਤੇ ਰਾਜਨੀਤਕ ਸ਼ਕਤੀ ਦਿੱਤੀਆਂ ਜਾਣ। ਉਨ੍ਹਾ ਕਿਹਾ ਕਿ ਇਸ ਪੱਖ ਉਤੇ ਸਾਰੇ ਇਕਮਤ ਹਨ ਕਿ ਸਿਆਸੀ ਪਾਰਟੀਆਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕਿ ਸੂਬਾ ਸਰਕਾਰਾਂ ਨੂੰ ਆਪਣੀਆਂ ਵਿਕਾਸ ਤਰਜੀਹਾਂ ਦੀ ਚੋਣ ਅਤੇ ਮਾਲੀਏ ਲਈ ਕੰਮ ਕਰਨ ਵਾਸਤੇ ਜ਼ਿਆਦਾ ਖੁੱਲ੍ਹ ਦੇਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸੰਘਵਾਦ ਸਾਡੇ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਵਿੱਚੋਂ ਇਕ ਹੈ, ਪਰ ਬਦਕਿਸਮਤੀ ਨਾਲ ਪਿਛਲੇ 75 ਸਾਲਾਂ 'ਚ ਇਸ ਅਧਿਕਾਰ ਦੇ ਕੇਂਦਰੀਕਰਨ ਦਾ ਰੁਝਾਨ ਹਾਵੀ ਰਿਹਾ ਹੈ। ਮਾਨ ਨੇ ਕਿਹਾ, 'ਇਹ ਗੱਲ ਹਰ ਕੋਈ ਜਾਣਦਾ ਹੈ ਕਿ ਆਧੁਨਿਕ ਯੁੱਗ ਵਿੱਚ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਲਈ ਸੂਬਾ ਸਰਕਾਰਾਂ ਜ਼ਿਆਦਾ ਬਿਹਤਰ ਸਥਿਤੀ ਵਿੱਚ ਹਨ।' ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ ਬੀ ਐੱਮ ਬੀ) 'ਚ ਰਾਜਸਥਾਨ ਨੂੰ ਮੈਂਬਰ ਨਿਯੁਕਤ ਕਰਨ ਦੀ ਮੰਗ ਦੀ ਜ਼ੋਰਦਾਰ ਮੁਖਾਲਫਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਪੁਨਰਗਠਨ ਐਕਟ 1966 ਦੀਆਂ ਤਜਵੀਜ਼ਾਂ ਅਧੀਨ ਬੀ ਬੀ ਐੱਮ ਬੀ ਦਾ ਗਠਨ ਹੋਇਆ ਅਤੇ ਇਹ ਐਕਟ ਮੁੱਢਲੇ ਤੌਰ ਉਤੇ ਦੋ ਉੱਤਰਾਧਿਕਾਰੀ ਰਾਜਾਂ ਪੰਜਾਬ ਤੇ ਹਰਿਆਣਾ ਦੇ ਮਸਲਿਆਂ ਬਾਰੇ ਹੈ। ਇਸ ਐਕਟ ਦੀਆਂ ਸਾਰੀਆਂ ਤਜਵੀਜ਼ਾਂ ਨਾਲ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਜਾਂ ਕਿਸੇ ਹੋਰ ਸੂਬੇ ਦਾ ਕੋਈ ਸਰੋਕਾਰ ਨਹੀਂ।

ਉਹਨਾ ਕਿਹਾ ਕਿ ਇਨ੍ਹਾਂ ਕਾਰਨਾਂ ਕਰਕੇ ਉਹ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿੱਚ ਰਾਜਸਥਾਨ ਜਾਂ ਹਿਮਾਚਲ ਪ੍ਰਦੇਸ਼ ਤੋਂ ਕਿਸੇ ਤੀਜੇ ਮੈਂਬਰ ਨੂੰ ਸ਼ਾਮਲ ਕਰਨ ਦੀ ਤਜਵੀਜ਼ ਦਾ ਸਖ਼ਤੀ ਨਾਲ ਵਿਰੋਧ ਕਰਦੇ ਹਨ।

ਸ਼ਾਨਨ ਪਾਵਰ ਹਾਊਸ ਪ੍ਰਾਜੈਕਟ ਦਾ ਮੁੱਦਾ ਚੁੱਕਦਿਆਂ ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਹਿਮਾਚਲ ਪ੍ਰਦੇਸ਼ ਵੱਲੋਂ ਜੋਗਿੰਦਰ ਨਗਰ ਵਿੱਚ ਸਥਿਤ ਸ਼ਾਨਨ ਪਾਵਰ ਹਾਊਸ ਨੂੰ ਹਿਮਾਚਲ ਦੇ ਹੱਥਾਂ 'ਚ ਦੇਣ ਦਾ ਮੁੱਦਾ ਉਠਾਇਆ ਗਿਆ ਹੈ, ਜਿਸ ਲਈ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਸਾਲ 1925 'ਚ ਮੰਡੀ ਦੇ ਰਾਜਾ ਨੇ ਇਸ ਪ੍ਰਾਜੈਕਟ ਵਾਸਤੇ 99 ਸਾਲਾਂ ਲਈ ਜ਼ਮੀਨ ਲੀਜ਼ 'ਤੇ ਦਿੱਤੀ ਸੀ, ਜਿਸ ਦੀ ਮਿਆਦ ਸਾਲ 2024 'ਚ ਖਤਮ ਹੋ ਰਹੀ ਹੈ। ਉਨ੍ਹਾ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਇਸ ਮੁੱਦੇ ਨੂੰ ਉਠਾਇਆ ਜਾ ਰਿਹਾ ਹੈ, ਜਦਕਿ ਇਹ ਪ੍ਰਾਜੈਕਟ ਪੰਜਾਬ ਪੁਨਰਗਠਨ ਐਕਟ-1966 ਦੇ ਉਪਬੰਧਾਂ ਤਹਿਤ ਪੰਜਾਬ ਰਾਜ ਬਿਜਲੀ ਬੋਰਡ ਨੂੰ ਸੌਂਪਿਆ ਗਿਆ ਸੀ। ਪੰਜਾਬ ਪੁਨਰਗਠਨ ਐਕਟ ਸੰਸਦ ਦਾ ਐਕਟ ਹੈ, ਜਿਸ ਨਾਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੂਬੇ ਬਣੇ। ਜ਼ਿਕਰਯੋਗ ਹੈ ਕਿ ਇਸੇ ਐਕਟ ਨੇ ਹੇਠਾਂ ਵਾਲੇ ਪਾਸੇ ਬੱਸੀ ਪਾਵਰ ਹਾਊਸ (ਉਲ ਹਾਈਡਲ ਪ੍ਰੋਜੈਕਟ ਪੜਾਅ-2) ਦੀ ਮਾਲਕੀ ਅਤੇ ਕੰਟਰੋਲ ਹਿਮਾਚਲ ਪ੍ਰਦੇਸ ਰਾਜ ਬਿਜਲੀ ਬੋਰਡ ਨੂੰ ਸੌਂਪੀ ਹੈ। ਇਹ ਸਥਿਤੀ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਭਾਰਤ ਸਰਕਾਰ ਦੁਆਰਾ ਬਿਨਾਂ ਕੋਈ ਛੇੜਛਾੜ ਕੀਤੇ ਕਾਇਮ ਰੱਖੀ ਗਈ ਹੈ। ਉਨ੍ਹਾ ਕਿਹਾ ਕਿ ਪੰਜਾਬ ਰਾਜ ਬਿਜਲੀ ਬੋਰਡ ਨੇ ਸਾਲ 1975 ਤੋਂ 1982 ਤੱਕ ਆਪਣੇ ਖਰਚੇ ਉਤੇ ਪ੍ਰਾਜੈਕਟ ਦਾ ਵਿਸਥਾਰ ਕੀਤਾ ਅਤੇ ਇਸ ਦੀ ਸਮਰੱਥਾ 48 ਮੈਗਾਵਾਟ ਤੋਂ ਵਧਾ ਕੇ 110 ਮੈਗਾਵਾਟ ਕੀਤੀ। ਉਹਨਾ ਕਿਹਾ ਕਿ ਇਹ ਮਾਮਲਾ ਕੇਂਦਰੀ ਬਿਜਲੀ ਮੰਤਰਾਲੇ ਦੇ ਵਿਚਾਰ ਅਧੀਨ ਹੈ। ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਭਾਰਤ ਸਰਕਾਰ ਉਪਰੋਕਤ ਅਤੇ ਸਹੀ ਕਾਨੂੰਨੀ ਸਥਿਤੀ ਬਰਕਰਾਰ ਰੱਖੇਗੀ। ਉਨ੍ਹਾ ਕਿਹਾ ਕਿ ਸ਼ਾਨਨ ਪਾਵਰ ਹਾਊਸ ਦੀ ਮਲਕੀਅਤ ਦੇ ਸੰਬੰਧ ਵਿੱਚ ਲਿਆ ਗਿਆ ਕੋਈ ਵੀ ਹੋਰ ਸਟੈਂਡ ਐਕਟ ਦੇ ਉਲਟ ਹੋਵੇਗਾ ਅਤੇ ਪੰਜਾਬ ਅਤੇ ਇਸ ਦੇ ਲੋਕਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੋਵੇਗੀ। ਮੁੱਖ ਮੰਤਰੀ ਨੇ ਬੀ ਬੀ ਐੱਮ ਬੀ 'ਚ ਸਿੰਚਾਈ ਅਤੇ ਊਰਜਾ ਦੇ ਮੈਂਬਰਾਂ ਦੀਆਂ ਅਸਾਮੀਆਂ ਸਿੱਧੇ ਤੌਰ ਉਤੇ ਖੁੱਲ੍ਹੀ ਭਰਤੀ ਰਾਹੀਂ ਭਰਨ ਦੇ ਕਦਮ ਦੀ ਸਖਤ ਵਿਰੋਧਤਾ ਕੀਤੀ। ਉਨ੍ਹਾ ਕਿਹਾ ਕਿ 23 ਫਰਵਰੀ, 2022 ਨੂੰ ਬੀ ਬੀ ਐੱਮ ਬੀ (ਸੋਧ) ਨਿਯਮ ਕੇਂਦਰ ਦੇ ਊਰਜਾ ਮੰਤਰਾਲੇ ਨੇ ਜਾਰੀ ਕੀਤੇ ਸਨ, ਜਿਸ ਮੁਤਾਬਕ ਸਿੰਚਾਈ ਅਤੇ ਊਰਜਾ ਦੇ ਮੈਂਬਰਾਂ ਦੀ ਅਸਾਮੀਆਂ ਖੁੱਲ੍ਹੀ ਭਰਤੀ ਰਾਹੀਂ ਸਿੱਧੀ ਤੌਰ ਉਤੇ ਭਰੀਆਂ ਜਾਣਗੀਆਂ। ਮਾਨ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਇਨ੍ਹਾਂ ਨਵੇਂ ਨਿਯਮਾਂ ਨੇ ਪੁਰਾਣੀ ਵਿਵਸਥਾ ਨਾਲ ਛੇੜਛਾੜ ਕੀਤੀ ਹੈ, ਜਿਸ ਮੁਤਾਬਕ ਮੈਂਬਰ ਊਰਜਾ ਹਮੇਸ਼ਾ ਪੰਜਾਬ ਤੋਂ ਨਿਯੁਕਤ ਹੁੰਦਾ ਸੀ, ਜਦਕਿ ਮੈਂਬਰ ਸਿੰਚਾਈ ਹਰਿਆਣਾ ਤੋਂ ਨਿਯੁਕਤ ਹੁੰਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਵਿਵਸਥਾ 'ਚ ਪੰਜਾਬ ਤੋਂ ਕੋਈ ਵੀ ਇੰਜੀਨੀਅਰ ਮੈਂਬਰ ਊਰਜਾ ਦੇ ਅਹੁਦੇ ਲਈ ਅਪਲਾਈ ਕਰਨ ਦੇ ਯੋਗ ਨਹੀਂ। ਉਹਨਾ ਕਿਹਾ ਕਿ ਸਾਲ 2022 ਤੋਂ ਪਹਿਲੀ ਵਿਵਸਥਾ ਬਹਾਲ ਕੀਤੀ ਜਾਵੇ, ਕਿਉਂਕਿ ਬੀ ਬੀ ਐੱਮ ਬੀ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਯੋਗਦਾਨ ਹੈ। ਇੱਥੋਂ ਤੱਕ ਕਿ ਬੀ ਬੀ ਐੱਮ ਬੀ ਦਾ ਗਠਨ ਵੀ ਪੰਜਾਬ ਪੁਨਰਗਠਨ ਐਕਟ-1966 ਦੇ ਤਹਿਤ ਹੋਇਆ ਸੀ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੇਂਦਰੀ ਊਰਜਾ ਮੰਤਰਾਲੇ ਨੂੰ ਬੀ ਬੀ ਐੱਮ ਬੀ ਦਾ ਪੱਕਾ ਚੇਅਰਮੈਨ ਨਿਯੁਕਤ ਕਰਨ ਲਈ ਕੇਂਦਰੀ ਊਰਜਾ ਮੰਤਰਾਲੇ ਨੂੰ ਹਦਾਇਤ ਦੇਣ, ਕਿਉਂਕਿ ਇਹ ਸੰਸਥਾ ਚੇਅਰਮੈਨ ਅਤੇ ਮੈਂਬਰਾਂ ਦੀ ਪੱਕੀ ਨਿਯੁਕਤੀ ਦੀ ਅਣਹੋਂਦ ਵਿੱਚ ਵਾਧੂ ਜ਼ਿੰਮੇਵਾਰੀ ਸੌਂਪ ਕੇ ਚਲਾਈ ਜਾ ਰਹੀ ਹੈ।

ਰਾਜਸਥਾਨ ਵੱਲੋਂ ਭਾਖੜਾ ਡੈਮ ਅਤੇ ਪੌਂਗ ਡੈਮ ਵਿੱਚ ਜਲ ਭੰਡਾਰ ਦਾ ਪੱਧਰ ਬਰਕਰਾਰ ਰੱਖਣ ਦੀ ਕੀਤੀ ਜਾ ਰਹੀ ਮੰਗ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਤਕਨੀਕੀ ਤੌਰ ਉਤੇ ਜਦੋਂ ਇਹ ਦੋਵੇਂ ਡੈਮਾਂ ਦਾ ਡਿਜ਼ਾਈਨ ਤਿਆਰ ਕੀਤਾ ਗਿਆ ਸੀ ਤਾਂ ਉਸ ਵੇਲੇ ਭਾਖੜਾ ਡੈਮ ਦੀ ਅਸਲ ਉਚਾਈ 1685 ਫੁੱਟ ਸੀ ਅਤੇ ਪੌਂਗ ਡੈਮ ਦੀ ਉਚਾਈ 1400 ਫੁੱਟ ਸੀ। ਉਨ੍ਹਾ ਕਿਹਾ ਕਿ ਸਾਲ 1988 ਦੇ ਸਮੇਂ ਦੌਰਾਨ ਪੰਜਾਬ ਨੇ ਕਈ ਵਾਰ ਹੜ੍ਹਾਂ ਦਾ ਸਾਹਮਣਾ ਕੀਤਾ ਅਤੇ ਉਸ ਤੋਂ ਬਾਅਦ ਭਾਰਤ ਸਰਕਾਰ ਅਤੇ ਸੀ ਡਬਲਿਊ ਸੀ ਨੇ ਇਕ ਫੈਸਲਾ ਲਿਆ ਅਤੇ ਭਾਖੜਾ ਅਤੇ ਪੌਂਗ ਡੈਮਾਂ ਦਾ ਐੱਫ ਆਰ ਐੱਲ ਦਾ ਪੱਧਰ ਕ੍ਰਮਵਾਰ 5 ਫੁੱਟ ਅਤੇ 10 ਫੁੱਟ ਘਟਾ ਦਿੱਤਾ ਗਿਆ।

● ਬਾਕੀ ਸਫ਼ਾ 2 'ਤੇ

ਮਨਪ੍ਰੀਤ ਨੂੰ ਨੱਪਣ ਲਈ ਹਵਾਈ ਅੱਡੇ ਅਲਰਟ

ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਵਿਚ ਜਾਇਦਾਦ ਦੀ ਖ਼ਰੀਦ ਵਿਚ ਕਥਿਤ ਬੇਨਿਯਮੀਆਂ ਸੰਬੰਧੀ ਸਾਬਕਾ ਵਿੱਤ ਮੰਤਰੀ ਤੇ ਪੰਜਾਬ ਭਾਜਪਾ ਦੀ ਕੋਰ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਲੁੱਕਆਊਟ ਸਰਕੁਲਰ ਜਾਰੀ ਕੀਤਾ ਹੈ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਹ ਗ੍ਰਿਫ਼ਤਾਰੀ ਤੋਂ ਬਚਣ ਲਈ ਦੇਸ਼ ਛੱਡ ਕੇ ਭੱਜ ਸਕਦੇ ਹਨ। ਇਸ ਲਈ ਸਾਰੇ ਹਵਾਈ ਅੱਡਿਆਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਸਾਬਕਾ ਮੰਤਰੀ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ।

ਬਠਿੰਡਾ ਵਿਜੀਲੈਂਸ ਬਿਊਰੋ ਦੇ ਐੱਸ ਐੱਸ ਪੀ ਹਰਪਾਲ ਸਿੰਘ ਨੇ ਪੁਸ਼ਟੀ ਕੀਤੀ ਹੈ ਕਿ ਮਨਪ੍ਰੀਤ ਖਿਲਾਫ ਲੁੱਕਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਉਨ੍ਹਾ ਨੂੰ ਗ੍ਰਿਫ਼ਤਾਰ ਕਰਨ ਲਈ ਟੀਮਾਂ ਛਾਪੇਮਾਰੀ ਕਰ ਰਹੀਆਂ ਸਨ। ਮਨਪ੍ਰੀਤ ਤੋਂ ਇਲਾਵਾ ਬਠਿੰਡਾ ਨਗਰ ਨਿਗਮ ਦੇ ਸਾਬਕਾ ਕਮਿਸ਼ਨਰ ਬਿਕਰਮਜੀਤ ਸ਼ੇਰਗਿੱਲ, ਰਾਜੀਵ ਕੁਮਾਰ, ਅਮਨਦੀਪ ਸਿੰਘ, ਵਿਕਾਸ ਅਰੋੜਾ ਅਤੇ ਪੰਕਜ ਖਿਲਾਫ ਐਤਵਾਰ ਰਾਤ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਵਿਜੀਲੈਂਸ ਰਾਜੀਵ ਕੁਮਾਰ, ਅਮਨਦੀਪ ਸਿੰਘ ਤੇ ਵਿਕਾਸ ਅਰੋੜਾ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਇਸ ਦੌਰਾਨ ਮਨਪ੍ਰੀਤ ਨੇ ਆਪਣੀ ਅਗਾਊਂ ਜ਼ਮਾਨਤ ਲਈ ਬਠਿੰਡਾ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਮ ਕੁਮਾਰ ਸਿੰਗਲਾ ਦੀ ਅਦਾਲਤ 'ਚ ਦਾਇਰ ਅਰਜ਼ੀ ਨੂੰ ਵਾਪਸ ਲੈ ਲਿਆ ਹੈ। ਸੁਣਵਾਈ ਅੱਜ ਹੋਣੀ ਸੀ। ਮਨਪ੍ਰੀਤ ਦੇ ਵਕੀਲ ਸੁਖਦੀਪ ਸਿੰਘ ਭਿੰਡਰ ਨੇ ਕਿਹਾ, ਅਸੀਂ ਅਰਜ਼ੀ ਵਾਪਸ ਲੈ ਲਈ ਹੈ, ਕਿਉਂਕਿ ਜਦੋਂ ਇਹ ਦਾਇਰ ਕੀਤੀ ਗਈ ਸੀ ਤਾਂ ਜਾਂਚ ਚੱਲ ਰਹੀ ਸੀ, ਪਰ ਹੁਣ ਐੱਫ ਆਈ ਆਰ ਦਰਜ ਕਰ ਲਈ ਗਈ ਹੈ। ਅਸੀਂ ਨਵੇਂ ਤੱਥਾਂ ਨਾਲ ਨਵੀਂ ਅਰਜ਼ੀ ਦਾਇਰ ਕਰਾਂਗੇ। ਅਰਜ਼ੀ ਵਾਪਸ ਲੈਣ ਦੇ ਕੁਝ ਘੰਟਿਆਂ ਬਾਅਦ ਹੀ ਕੋਰਟ ਨੇ ਮਨਪ੍ਰੀਤ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ। ਇਸ ਨੂੰ ਮਨਪ੍ਰੀਤ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਗ੍ਰਿਫ਼ਤਾਰੀ ਤੋਂ ਬਚਣ ਲਈ ਮਨਪ੍ਰੀਤ ਦੋ ਮਹੀਨਿਆਂ ਤੋਂ ਅੰਡਰਗਰਾਊਂਡ ਚੱਲ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਵਿਜੀਲੈਂਸ ਨੇ ਕੋਰਟ ਅੱਗੇ ਕੁਝ ਗੰਭੀਰ ਤੱਥ ਰੱਖਦਿਆਂ ਦੱਸਿਆ ਕਿ ਮਨਪ੍ਰੀਤ ਬਾਦਲ ਨੂੰ ਗ੍ਰਿਫ਼ਤਾਰ ਕਰਨਾ ਕਿਉਂ ਜ਼ਰੂਰੀ ਹੈ? ਇਸ ਤੋਂ ਪਹਿਲਾਂ ਸੋਮਵਾਰ ਡੀ ਐੱਸ ਪੀ ਦੀ ਅਗਵਾਈ ਹੇਠ ਵਿਜੀਲੈਂਸ ਦੀ ਟੀਮ ਨੇ ਮਨਪ੍ਰੀਤ ਸਿੰਘ ਬਾਦਲ ਦੀ ਪਿੰਡ ਬਾਦਲ ਵਿਚਲੀ ਰਿਹਾਇਸ਼ 'ਤੇ ਛਾਪਾ ਮਾਰ ਕੇ ਤਲਾਸ਼ੀ ਲਈ, ਪਰ ਉਹ ਉਥੇ ਨਹੀਂ ਮਿਲੇ। ਵਿਜੀਲੈਂਸ ਬਠਿੰਡਾ ਵਿਕਾਸ ਅਥਾਰਟੀ ਦੇ ਤੱਤਕਾਲੀ ਪ੍ਰਸ਼ਾਸਕ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਪੰਕਜ ਕਾਲੀਆ ਅਸਟੇਟ ਅਫਸਰ ਗਲਾਡਾ ਲੁਧਿਆਣਾ ਨੂੰ ਵੀ ਲੱਭ ਰਹੀ ਹੈ।

ਮੁੱਖ

27-SEP-PAGE-1.qxd 9/26/2023 9:37 PM Page 2

ਰਾਧਾ ਅਸ਼ਟਮੀ ਮੌਕੇ ਦੁਰਗਾ ਮੰਦਰ 'ਚ ਲੱਗੀਆਂ ਰੌਣਕਾਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸ੍ਰੀ ਦੁਰਗਾ ਮੰਦਰ ਵਿਖੇ ਸ੍ਰੀ ਗਣੇਸ਼ ਉਤਸਵ ਦੇ ਸਬੰਧ ਵਿੱਚ ਚੱਲ ਰਹੇ ਉਤਸਵ ਦੌਰਾਨ ਸ੍ਰੀ ਰਾਧਾ ਅਸ਼ਟਮੀ ਮੌਕੇ ਖੂਬ ਰੌਣਕਾਂ ਲੱਗੀਆਂ। ਇਸ ਮੌਕੇ ਸ੍ਰੀ ਦੁਰਗਾ ਮੰਦਰ ਕਮੇਟੀ, ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਤੇ ਸ੍ਰੀ ਦੁਰਗਾ ਸੰਕੀਰਤਨ ਮਹਿਲਾ ਮੰਡਲ ਵੱਲੋਂ ਕਰਾਏ ਸੰਕੀਰਤਨ ਦੌਰਾਨ ਭਜਨ ਗਾਇਕਾ ਪੂਜਾ ਸ਼ਾਹ ਪਾਣੀਪਤ ਨੇ ਗਨਪਤੀ ਭਗਵਾਨ, ਰਾਧਾ ਕ੍ਰਿਸ਼ਨ ਅਤੇ ਖਾਟੂ ਸ਼ਿਆਮ ਦੇ ਭਜਨਾ ਦੇ ਰਾਹੀਂ ਹਾਜ਼ਰੀ ਲਵਾਈ ਤੇ ਸ਼ਰਧਾਲੂਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪੂਜਾ ਦੀ ਰਸਮ ਮੰਦਰ ਦੇ ਪੁਜਾਰੀ ਪੰਡਤ ਸੁਨੇਂਦਰ ਕੁਮਾਰ ਸ਼ਾਸ਼ਤਰੀ ਨੇ ਦੁਆਰਾ ਕਰਾਈ ਗਈ। ਸਮਾਗਮ ਵਿੱਚ ਡੇਰਾ ਬਾਬਾ ਰਾਧਿਕਾ ਦਾਸ ਦੇ ਮਹੰਤ ਹੀਰਾ ਦਾਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਕਮਲ ਬਰਾੜ, ਮੀਤ ਪ੍ਰਧਾਨ ਰਣਜੀਤ ਸਿੰਘ ਸਿੱਧੂ, ਸਾਬਕਾ ਪ੍ਰਧਾਨ ਰੀਤੂ ਗੋਇਲ ਐੱਮ.ਸੀ, ਵਿਜੇ ਕੁਮਾਰ ਗੋਇਲ, ਆਰਕੀਟੈਕਟਰ ਹਰਪ੍ਰੀਤ ਸਰਮਾ ਨੇ ਵਿਸੇਸ ਤੌਰ ਤੇ ਹਾਜਰੀ ਭਰੀ। ਇਸ ਮੌਕੇ ਆਸ਼ੂਤੋਸ਼ ਆਰੀਆ ਨੇ ਸਾਰੇ ਮਹਿਮਾਨਾਂ ਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਅਤੇ ਪੁੱਜੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੌਂਸਲਰ ਗੁਰਮੀਤ ਸਿੰਘ ਲੱਲੀ, ਰੀਨਾ ਰਾਣੀ, ਸੁਸ਼ਮਾ ਰਾਣੀ, ਮੰਦਿਰ ਕਮੇਟੀ ਦੇ ਪਵਨ ਕੁਮਾਰ ਬਬਲਾ, ਪ੍ਰਧਾਨ ਗੋਰਾ ਲਾਲ ਲੰਬੂ, ਨੰਦ ਕਿਸ਼ੋਰ ਐਡਵੋਕੇਟ, ਬਬਲੂ ਸਿੰਗਲਾ, ਵਿਜੇ ਗੋਇਲ, ਕਾਲਾ ਮਿੱਤਲ, ਦੇਵਿੰਦਰ ਵਸ਼ਿਸ਼ਟ ਪੱਤਰਕਾਰ, ਸੰਜੇ ਪਾਲ,ਮਰਲੀ ਮਨੋਹਰ, ਬਾਲੀ ਗਰਗ, ਸੁਭਾਸ਼ ਗੁਪਤਾ, ਰਮੇਸ਼ ਸ਼ਰਮਾ, ਡਾਕਟਰ ਕ੍ਰਿਸ਼ਨ ਸ਼ਰਮਾ ਆਦਿ ਹਾਜ਼ਰ ਸਨ।

ਗਣੇਸ਼ ਉਤਸਵ ਮੌਕੇ ਗਣੇਸ਼ ਮੂਰਤੀ ਪ੍ਰਤੀਯੋਗਤਾ ਕਰਾਈ

ਸਮਰਾਲਾ (ਸੁਰਜੀਤ ਸਿੰਘ)-ਸੋਨਾਲੀ ਜੀਤ ਰਾਵਲ ਚੈਰੀਟੇਬਲ ਟਰੱਸਟ ਵੱਲੋਂ 10 ਦਿਨਾਂ ਲਈ ਗਣੇਸ਼ ਉਤਸਵ ਮਨਾਇਆ ਜਾ ਰਿਹਾ ਹੈ, ਜਿਸ ਦੀ ਜਾਣਕਾਰੀ ਟਰੱਸਟ ਦੇ ਚੇਅਰਮੈਨ ਡਾ. ਜੀਤ ਰਾਵਲ ਵੱਲੋਂ ਦਿੱਤੀ ਗਈ। ਇਸ ਉਤਸਵ 'ਤੇ ਭਜਨ ਮੰਡਲੀ ਵੱਲੋਂ ਗਨੇਸ਼ ਜੀ ਦੇ ਗੀਤ ਗਾਏ ਜਾਂਦੇ ਹਨ, ਜਿਸ 'ਤੇ ਸੰਗਤ ਬਹੁਤ ਹੀ ਅਨੰਦ ਮਗਨ ਹੋ ਜਾਂਦੀ ਹੈ। ਭਜਨ ਮੰਡਲੀ ਵਿੱਚ ਟਰੱਸਟੀ ਬਿਮਲਾ ਰਾਣੀ, ਉਮਾ, ਸੁਮਨ ਸ਼ਰਮਾ, ਆਸ਼ਾ ਸ਼ਰਮਾ, ਨਿਸ਼ਾ ਵਰਮਾ, ਆਭਾ ਸ਼ਰਮਾ, ਕਾਂਤਾ ਖੁੱਲਰ, ਸਪਨਾ ਸ਼ਰਮਾ, ਸ਼ਿਖਾ ਮੈਨਰੋ ਆਦਿ ਵੱਲੋਂ ਗਨੇਸ਼ ਜੀ ਦੇ ਵੱਖ-ਵੱਖ ਗੀਤ ਗਾਏ ਜਾ ਰਹੇ ਹਨ। ਹਰ ਰੋਜ਼ ਭਜਨ ਕੀਰਤਨ ਤੋਂ ਬਾਅਦ ਮੋਦਕ (ਲੱਡੂਆਂ) ਤੇ ਫ਼ਲਾਂ ਦਾ ਪ੍ਰਸ਼ਾਦ ਵੀ ਵੰਡਿਆ ਜਾ ਰਿਹਾ ਹੈ। ਇਸ ਗਨੇਸ਼ ਉਤਸਵ ਤੇ ਸੂਰੀਆ ਕਾਂਤ ਵਰਮਾ ਨੇ ਬੱਚਿਆਂ ਲਈ ਗਨੇਸ਼ ਸਵਰੂਪ/ਮੂਰਤੀ ਬਣਾਉਣ ਲਈ ਪ੍ਰਤੀਯੋਗਤਾ ਕਰਾਈ। ਇਸ ਪ੍ਰਤੀਯੋਗਤਾ ਵਿੱਚ 15 ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਚਾਂਦਨੀ ਕਾਲੜਾ, ਇਸ਼ੀਕਾ, ਰਾਗਿਨੀ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਇਨਾਮ ਜਿੱਤਿਆ। ਇਨ੍ਹਾਂ ਤਿੰਨਾਂ ਨੂੰ ਨਕਦ ਇਨਾਮ ਤੇ ਕਾਪੀਆਂ ਵੰਡੀਆਂ ਗਈਆਂ, ਬਾਕੀ 12 ਬੱਚਿਆਂ ਗੁਰਸੀਰਤ, ਵਰਿਧੀ, ਸਾਮਭੀ, ਪੀਸ਼ੂ, ਮਿਹਕਪ੍ਰੀਤ, ਨੇਹਾ, ਸਮਰ, ਸੋਨੀਆ, ਅਨੰਨਿਆ, ਵੰਸ਼, ਇਸ਼ਾ ਤੇ ਮਨਪ੍ਰੀਤ ਨੇ ਭਾਗ ਲਿਆ ਅਤੇ ਇਨ੍ਹਾਂ ਉਪਰੋਕਤ ਸਾਰੇ ਬੱਚਿਆਂ ਨੂੰ 2-2 ਕਾਪੀਆਂ, ਪੈਨਸਿਲ, ਰਬੜ ਤੇ ਸ਼ਾਰਪਨਰ ਵੰਡੇ ਗਏ।

ਆਂਗਣਵਾੜੀ ਸੈਂਟਰ 'ਚ ਪੋਸ਼ਣ ਮਾਹ ਸਮਾਗਮ ਮਨਾਇਆ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਸੀ.ਡੀ.ਪੀ.ਓ ਮੈਡਮ ਨਵਦੀਪ ਦੀ ਅਗਵਾਈ ਹੇਠ ਪਿੰਡ ਕਰਨੀ ਖੇੜਾ ਦੇ ਆਂਗਣਵਾੜੀ ਸੈਂਟਰ ਵਿੱਚ ਪੋਸ਼ਣ ਮਾਹ ਮਨਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਗਰਭਵਤੀ ਔਰਤਾਂ ਤੇ ਨਰਸਿੰਗ ਮਾਵਾਂ ਨੂੰ ਖੁਰਾਕੀ ਤੱਤਾਂ ਬਾਰੇ ਆਂਗਣਵਾੜੀ ਸਟਾਫ ਵੱਲੋਂ ਜਾਣਕਾਰੀ ਮੁਹੱਈਆ ਕਰਾਈ ਗਈ। ਪ੍ਰੋਗਰਾਮ ਦੌਰਾਨ ਗਰਭਵਤੀ ਔਰਤਾਂ ਦੀ ਗੋਦ ਭਰਾਈ ਗਈ ਤੇ ਇਸ ਸਮੇਂ ਦੌਰਾਨ ਖਾਣ-ਪੀਣ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਨਰਸਿੰਗ ਮਾਂਵਾਂ ਨੂੰ ਦੁੱਧ ਦੀ ਮਹੱਤਤਾ ਬਾਰੇ ਦੱਸਿਆ ਗਿਆ। ਆਪਣੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਰੱਖਣ ਬਾਰੇ ਵੀ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੋਸ਼ਣ ਮਾਹ ਤਹਿਤ ਵਿਭਾਗੀ ਸਟਾਫ਼ ਲੜੀਵਾਰ ਪਿੰਡਾਂ ਵਿੱਚ ਗਤੀਵਿਧੀਆਂ ਕਰਕੇ ਪੌਸ਼ਟਿਕ ਖੁਰਾਕ ਦਾ ਸੇਵਨ ਕਰਨ ਤੇ ਆਪਣੇ ਖਾਣ-ਪੀਣ ਬਾਰੇ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚੰਗਾ ਖਾਵਾਂਗੇ ਤਾਂ ਹੀ ਆਪਣੀ ਉਮਰ ਵਧਾਵਾਂਗੇ।

ਪੰਜਾਬੀ ਸਾਹਿਤ ਸਭਾ ਭੁਮੱਦੀ ਦੀ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੌਨੂੰ)-ਪੰਜਾਬੀ ਸਾਹਿਤ ਸਭਾ ਭੁਮੱਦੀ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਦੀ ਅਗਵਾਈ ਵਿੱਚ ਪਿੰਡ ਭੁਮੱਦੀ ਦੀ ਸੱਥ ਵਿੱਚ ਹੋਈ। ਮੀਟਿੰਗ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ' ਦੇ ਅਰਥ ਹਰਬੰਸ ਸਿੰਘ ਸਾਨ ਵੱਲੋਂ ਕੀਤੇ ਗਏ। ਰਚਨਾਵਾਂ ਦੇ ਦੌਰ ਵਿੱਚ ਕਮਲਜੀਤ ਸਿੰਘ ਨੀਲੋਂ ਗੀਤ ਧੀਆਂ, ਗੁਰੀ ਤੁਰਮਰੀ ਗੀਤ ਮਾਂ ਬਾਪ, ਸਿਮਰਨਜੀਤ ਕੌਰ ਗੀਤ, ਸਨੀ ਵਰਮਾ ਚਕੋਹੀ ਕਵਿਤਾ ਮਨੁੱਖ ਆਦਮਖੋਰ, ਹਰਬੰਸ ਸਿੰਘ ਸਾਨ ਬਗਲੀ ਕਲਾਂ ਗੀਤ ਤਸਵੀਰ ਪੰਜਾਬ ਦੀ, ਨਰੇਸ਼ ਨਿਮਾਣਾ ਕਾਵਿਤਾ ਸ਼ਮਸ਼ੀਰ, ਗੁਰਤੇਜ ਸਿੰਘ ਬੈਨੀਪਾਲ ਆਪਣੀ ਕਿਤਾਬ ਵਿੱਚੋਂ ਇੱਕ ਰਚਨਾ ਸੁਣਵਾਈ, ਦੀਪ ਬਗਲੀ ਗੀਤ ਰਹਿਮ ਕਰ, ਗੀਤਕਾਰ ਹਰਨੇਕ ਸਿੰਘ ਭੰਡਾਲ ਗੀਤ ਮਾਯਾ ਹੈ, ਗੀਤਕਾਰ ਗੀਤਾ ਕੰਮੋਵਾਲਾ ਨੇ ਸ਼ਹੀਦ ਸਰਦਾਰ ਊਧਮ ਸਿੰਘ ਦੀ ਵਾਰ, ਅਵਤਾਰ ਸਿੰਘ ਮਾਨ ਗੀਤ ਧੀ, ਅਵਤਾਰ ਸਿੰਘ ਉਟਾਲਾ ਕਾਵਿਤਾ ਹੁਣ ਹੋ ਗਿਆ ਚੱਕੀ ਦਾ ਪੁੜ ਭਾਰੀ, ਪ੍ਰਗਟ ਸਿੰਘ ਭੁਮੱਦੀ ਮਿਨੀ ਕਹਾਣੀਆਂ ਆਪਣਾ ਪਰਾਇਆ, ਸੁਖਵਿੰਦਰ ਸਿੰਘ ਭਾਦਲਾ ਲੇਖ, ਮਨਵੀਰ ਪੋਇਟ ਵੱਲੋਂ ਕਵਿਤਾ, ਸਭਾ ਦੇ ਬਾਨੀ ਦਿਲਸ਼ੇਰ ਸਿੰਘ ਭੁਮੱਦੀ ਵੱਲੋਂ ਮਿੰਨੀ ਕਹਾਣੀ, ਪਾਸ ਅੰਬਰ ਔਜਲਾ ਖੁੱਲ੍ਹੀ ਕਵਿਤਾ, ਸੌਕੀ ਭੁਮੱਦੀ ਵੱਲੋਂ ਗੀਤ, ਸ਼ੰਮੀ ਖਾਨ ਗੀਤ, ਸਭਾ ਦੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਨੇ ਗ਼ਜ਼ਲ ਸੁਣਾਈ।

ਫ਼ਿਰੋਜ਼ਪੁਰ ਡਵੀਜ਼ਨ 'ਚ ਹਿੰਦੀ ਕਵਿਤਾ ਉਚਾਰਨ ਮੁਕਾਬਲੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਡਵੀਜ਼ਨ ਵਿੱਚ 14 ਤੋਂ 29 ਸਤੰਬਰ 2023 ਤੱਕ ਮਨਾਏ ਜਾ ਰਹੇ ਸਰਕਾਰੀ ਭਾਸ਼ਾ ਪੰਦਰਵਾੜੇ ਦੇ ਤਹਿਤ 25 ਸਤੰਬਰ ਨੂੰ ਮੀਟਿੰਗ ਰੂਮ ਮੰਡਲ ਦਫਤਰ ਫਿਰੋਜ਼ਪੁਰ ਵਿੱਚ ਰਾਮਧਾਰੀ ਸਿੰਘ ਦਿਨਕਰ ਦੀ ਜਯੰਤੀ 'ਤੇ ਹਿੰਦੀ ਕਵਿਤਾ ਉਚਾਰਨ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਅਤੇ ਰਾਮਧਾਰੀ ਸਿੰਘ ਦਿਨਕਰ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਪ੍ਰਤੀਯੋਗਤਾ ਵਿੱਚ ਮੰਡਲ ਦੇ ਵੱਖ ਵੱਖ ਸਟੇਸ਼ਨਾਂ ਤੋਂ ਆਏ 13 ਰੇਲਵੇ ਕਰਮਚਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਕਵਿਤਾ ਪਾਠ ਮੁਕਾਬਲੇ ਵਿੱਚ ਸਾਰੇ ਪ੍ਰਤੀਯੋਗੀਆਂ ਨੇ ਆਪੋ-ਆਪਣੀਆਂ ਕਵਿਤਾਵਾਂ ਸੁਣਾਈਆਂ, ਜਿਸ ਵਿੱਚ ਜੱਜਾਂ ਨੇ ਭਾਗ ਲੈਣ ਵਾਲਿਆਂ ਦੇ ਕਵਿਤਾ ਪਾਠ ਨੂੰ ਵਿਸ਼ੇ, ਪ੍ਰਗਟਾਵੇ ਦੇ ਆਧਾਰ 'ਤੇ ਫੈਸਲਾ ਲੈ ਕੇ ਅੰਕ ਦਿੱਤੇ ਗਏ।ਮੁਕਾਬਲੇ ਵਿੱਚ ਜਟਾਸ਼ੰਕਰ ਸ਼ੁਕਲਾ ਸਹਾਇਕ ਆਪ੍ਰੇਸ਼ਨ ਮੈਨੇਜਰ ਤੇ ਜੀ ਪੀ ਚੌਹਾਨ, ਸਹਾਇਕ ਪ੍ਰਸੋਨਲ ਅਫਸਰ ਨੇ ਜੱਜ ਦੀ ਭੂਮਿਕਾ ਨਿਭਾਈ।ਪ੍ਰੋਗਰਾਮ ਦਾ ਸੰਚਾਲਨ ਸੀਨੀਅਰ ਅਨੁਵਾਦਕ ਅੰਜਲੀ ਸ਼ਰਮਾ ਨੇ ਕੀਤਾ।ਕਵਿਤਾ ਉਚਾਰਨ ਮੁਕਾਬਲੇ ਵਿੱਚ ਤਨਮਨ ਸ਼ਰਮਾ, ਚੀਫ ਪਾਰਸਲ ਸੁਪਰਵਾਈਜ਼ਰ ਫ਼ਿਰੋਜ਼ਪੁਰ ਨੇ ਪਹਿਲਾ, ਸੰਜੀਵ ਕੁਮਾਰ ਚੀਫ ਹੈਲਥ ਇੰਸਪੈਕਟਰ ਜੰਮੂਤਵੀ ਨੇ ਦੂਸਰਾ ਤੇ ਰਿਸ਼ੀਕਾਂਤ ਦਿਵੇਦੀ ਜੂਨੀਅਰ ਕਲਰਕ ਮਕੈਨੀਕਲ ਸ਼ਾਖਾ ਫ਼ਿਰੋਜ਼ਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਔਰਤਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰ ਰਿਹੈ ਵਨ ਸਟਾਪ ਸਖੀ ਸੈਂਟਰ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜ਼ਿਲਕਾ ਸ੍ਰੀਮਤੀ ਨਵਦੀਪ ਕੌਰ ਦੀ ਅਗਵਾਈ ਵਿੱਚ ਚੱਲ ਰਿਹਾ ਸਖੀ ਵਨ ਸਟਾਪ ਸੈਂਟਰ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਵੱਡੀ ਪੱਧਰ 'ਤੇ ਜਾਗਰੂਕ ਕਰ ਰਿਹਾ ਹੈ। ਇਸ ਤੋਂ ਇਲਾਵਾ ਹਿੰਸਾ ਦਾ ਸ਼ਿਕਾਰ ਔਰਤਾਂ ਦੇ ਮਾਮਲੇ ਵੀ ਹੱਲ ਕਰਨ ਵਿੱਚ ਕਾਰਗਰ ਸਾਬਿਤ ਹੋਇਆ ਹੈ। ਸਖੀ ਸੈਂਟਰ ਦੀ ਸੈਂਟਰ ਇੰਚਾਰਜ ਗੌਰੀ ਸਚਦੇਵਾ ਨੇ ਦੱਸਿਆ ਕਿ ਜੂਨ, ਜੁਲਾਈ ਤੇ ਅਗਸਤ ਮਹੀਨਿਆਂ ਦੌਰਾਨ ਕੁੱਲ 74 ਮਾਮਲੇ ਧਿਆਨ ਵਿੱਚ ਆਉਣ ਉਪਰੰਤ ਕਾਰਵਾਈ ਅਧੀਨ ਹਨ, ਜਿਸ ਵਿੱਚੋਂ ਘਰੇਲੂ ਹਿੰਸਾ ਨਾਲ ਸਬੰਧਤ 35 ਤੇ 39 ਹੋਰ ਮਾਮਲੇ ਹਨ। ਉਨ੍ਹਾ ਕਿਹਾ ਕਿ ਸੈਂਟਰ ਵੱਲੋਂ ਔਰਤਾਂ ਨੂੰ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਸਖੀ ਸੈਂਟਰ ਵੱਲੋਂ ਔਰਤਾਂ ਨੂੰ ਮੁਸ਼ਕਲ ਸਮੇਂ ਵਿੱਚ ਜ਼ਰੂਰਤ ਮੁਤਾਬਕ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ-ਵੱਖ ਮਹਿਕਮਿਆਂ ਨਾਲ ਤਾਲਮੇਲ ਕੀਤਾ ਜਾਂਦਾ ਹੈ। ਪੁਲਸ ਸਹਾਇਤਾ ਮੁਹੱਈਆ ਕਰਵਾਉਣ ਲਈ ਸਖੀ ਸੈਂਟਰ ਦੀ ਸੈਂਟਰ ਇੰਚਾਰਜ ਵੱਲੋਂ ਪੁਲਸ ਵਿਭਾਗ ਨਾਲ ਤਾਲਮੇਲ ਬਣਾਇਆ ਜਾਂਦਾ ਹੈ ਤੇ ਵੂਮੈਨ ਸੈੱਲ ਦੀ ਇੰਚਾਰਜ ਮੈਡਮ ਵੀਰਾਂ ਤੇ ਵੂਮੈਨ ਹੈਲਪ ਡੈਸਕ ਦੇ ਅਧਿਕਾਰੀਆਂ ਨਾਲ ਰਾਬਤਾ ਕੀਤਾ ਜਾਂਦਾ ਹੈ, ਜਿਸ ਵਿੱਚ ਔਰਤਾਂ ਨੂੰ ਸਹਾਇਤਾ ਮੁਹੱਈਆ ਕਰਵਾਉਣ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਦੱਸਿਆ ਜਾ ਰਿਹਾ ਹੈ।

ਵਿਧਾਇਕ ਸਿੰਗਲਾ ਨੇ ਕੋਆਪ੍ਰੇਟਿਵ ਸੁਸਾਇਟੀ ਦੀ ਮੀਟਿੰਗ ਦੌਰਾਨ ਸੁਣੀਆਂ ਸਮੱਸਿਆਵਾਂ

ਮਾਨਸਾ (ਪਮਾਰ)-ਵਿਧਾਇਕ ਡਾ. ਵਿਜੈ ਸਿੰਗਲਾ ਨੇ ਬੱਚਤ ਭਵਨ ਵਿਖੇ ਕੋਆਪ੍ਰੇਟਿਵ ਸੁਸਾਇਟੀ ਦੀ ਮੀਟਿੰਗ ਕੀਤੀ। ਉਨ੍ਹਾਂ ਕੋਆਪਰੇਟਿਵ ਸੁਸਾਇਟੀ ਦੇ ਮੈਂਬਰ ਅਤੇ ਅਹੁਦੇਦਾਰਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਵੱਖ-ਵੱਖ ਪਿੰਡਾਂ ਦੀਆਂ ਕੋਆਪ੍ਰੇਟਿਵ ਸੁਸਾਇਟੀਆਂ ਨੂੰ ਆ ਰਹੀਆਂ ਸਮੱਸਿਆਵਾਂ ਜਿਵੇਂ ਕਿ ਸੁਸਾਇਟੀ ਦੀ ਇਮਾਰਤ, ਪੈਂਡਿੰਗ ਕਾਪੀਆਂ ਅਤੇ ਆਉਣ ਵਾਲੇ ਸੀਜ਼ਨ ਵਿੱਚ ਯੂਰੀਆ ਅਤੇ ਡੀ.ਏ.ਪੀ. ਦੀ ਵੰਡ ਸਬੰਧੀ ਆਦਿ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਇਸ ਮੌਕੇ ਮੌਜੂਦ ਸਬੰਧਤ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਹਦਾਇਤ ਕੀਤੀ ਤਾਂ ਜੁ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਾ ਆਵੇ।

ਲੁੱਟਾਂ ਖੋਹਾਂ ਤੇ ਚੋਰੀ ਦੀਆਂ ਘਟਨਾਵਾਂ ਰੋਕਣ ਲਈ ਅੰਦੋਲਨ ਦੀ ਲੋੜ : ਬਲਕਰਨ ਮੋਗਾ

ਮੋਗਾ (ਅਮਰਜੀਤ ਬੱਬਰੀ)

ਅਕਾਲਸਰ ਚੌਕ ਕੋਲ ਵਿਕਾਸ ਬੇਦੀ ਦੀ ਮੋਬਾਇਲਾਂ ਦੀ ਦੁਕਾਨ ਦਾ ਰਾਤ ਨੂੰ ਸ਼ਟਰ ਭੰਨ ਕੇ ਚੋਰਾਂ ਨੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਘਟਨਾ ਦੀ ਸੂਚਨਾ ਮਿਲਣ 'ਤੇ ਸੀਪੀਆਈ ਐਮ ਐਲ ਲਿਬਰੇਸ਼ਨ ਜ਼ਿਲ੍ਹਾ ਮੋਗਾ ਦੇ ਸਕੱਤਰ ਬਲਕਰਨ ਮੋਗਾ ਨੇ ਮੌਕੇ 'ਤੇ ਪਹੁੰਚ ਕੇ ਸਾਰੀ ਘਟਨਾ ਦੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਆਏ ਦਿਨ ਮੋਗਾ ਸ਼ਹਿਰ ਵਿੱਚ ਲੁੱਟ-ਖੋਹ ਚੋਰੀ ਡਕੈਤੀ ਦੀਆਂ ਘਟਨਾਵਾਂ ਨੇ ਪੁਲਿਸ ਪ੍ਰਸ਼ਾਸਨ ਦੀ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਪੁਲਸ ਪ੍ਰਸ਼ਾਸਨ ਹੀ ਨਹੀਂ, ਆਮ ਆਦਮੀ ਪਾਰਟੀ ਦੀ ਸਰਕਾਰ ਵੀ ਮੂਕ ਦਰਸ਼ਕ ਬਣੀ ਹੋਈ ਹੈ। ਦੁਕਾਨਦਾਰ ਸੰਜੀਵ ਬੇਦੀ ਨਾਲ ਮੋਬਾਇਲ 'ਤੇ ਗੱਲ ਕਰਨ 'ਤੇ ਪੁਲਸ ਅਧਿਕਾਰੀ ਨੇ ਕਥਿਤ ਤੌਰ 'ਤੇ ਕਿਹਾ ਕਿ 'ਤੁਸੀਂ ਆਪੇ ਚੋਰੀ ਦੀਆਂ ਤਸਵੀਰਾਂ ਖਿੱਚ ਕੇ ਭੇਜ ਦਿਓ।' ਸਵਾਲ ਖੜਾ ਹੁੰਦਾ ਹੈ ਕਿ ਕੀ ਸੂਚਨਾ ਮਿਲਣ 'ਤੇ ਐਨ ਮੌਕੇ 'ਤੇ ਪਹੁੰਚ ਕੇ ਜਾਚ ਪੜਤਾਲ ਕਰਨੀ ਪੁਲਸ ਦਾ ਕੰਮ ਨਹੀਂ? ਬਲਕਰਨ ਮੋਗਾ ਨੇ ਕਿਹਾ ਕਿ ਜੇਕਰ ਸ਼ਹਿਰ ਵਿੱਚ ਲੁੱਟਾਂ ਖੋਹਾਂ ਇਸੇ ਤਰ੍ਹਾਂ ਵਾਪਰਦੀਆਂ ਰਹੀਆਂ ਤਾਂ ਮਜਬੂਰਨ ਪੁਲਸ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਖਿਲਾਫ਼ ਜਨਤਾ ਦੇ ਸਹਿਯੋਗ ਨਾਲ ਵੱਡਾ ਅੰਦੋਲਨ ਖੜਾ ਕਰਨਾ ਪਵੇਗਾ।

ਕਾਰ ਦੀ ਲਪੇਟ 'ਚ ਆਉਣ ਨਾਲ ਬਾਈਕ ਸਵਾਰ ਦੀ ਮੌਤ

■ ਪੁਲਸ ਨੇ ਨਾਮੀ ਡਾਕਟਰ ਖਿਲਾਫ਼ ਦਰਜ ਕੀਤਾ ਮਾਮਲਾ

ਜਗਰਾਉਂ (ਅਮਿਤ ਖੰਨਾ)

ਇੱਕ ਮਾਂ ਦੇ ਪੁੱਤਰ ਨੂੰ ਆਪਣੀ ਗੱਡੀ ਦੀ ਫੇਟ ਮਾਰ ਕੇ ਮੌਤ ਦੇ ਘਾਟ ਪੁਚਾਉਣ ਵਾਲੇ ਸ਼ਹਿਰ ਦੇ ਨਾਮੀ ਡਾਕਟਰ

27-Sep-PAGE-3.qxd 9/26/2023 10:28 PM Page 1

ਡੀ ਟੀ ਐੱਫ ਨੇ ਮੁੱਖ ਮੰਤਰੀ, ਸਿੱਖਿਆ ਮੰਤਰੀ ਤੇ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਭੇਜਿਆ ਵਿਰੋਧ ਪੱਤਰ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਸ ਸਾਲ 5ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੀ ਹਾਰਡ ਕਾਪੀ ਦੇਣ ਦੇ ਨਾਂ 'ਤੇ ਦੋ ਸੌ ਰੁਪਏ ਫੀਸ ਲਗਾ ਦਿੱਤੀ ਹੈ। ਇਸਦੇ ਨਾਲ ਹੀ 8ਵੀਂ, 10ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਸਰਟੀਫਿਕੇਟ ਦੀ ਹਾਰਡ ਕਾਪੀ ਲਈ ਜਾਂਦੀ ਫੀਸ ਵਿੱਚ ਵੀ ਵਾਧਾ ਕਰ ਦਿੱਤਾ ਗਿਆ ਹੈ। ਸਿੱਖਿਆ ਬੋਰਡ ਦੇ ਇਸ ਫੈਸਲੇ ਨੂੰ ਲੈ ਕੇ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਆਪਣਾ ਡੀਟੀਐੱਫ ਦੀ ਜ਼ਿਲ੍ਹਾ ਇਕਾਈ ਵੱਲੋਂ ਵਿਰੋਧ ਦਰਜ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਦੀ ਲਗਾਤਾਰਤਾ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਕਸਮੀਰ ਸਿੰਘ ਚੋਹਲਾ ਸਾਹਿਬ ਦੀ ਅਗਵਾਈ ਹੇਠ ਵਫਦ ਵੱਲੋਂ ਵੱਖ-ਵੱਖ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਤਰਨਤਾਰਨ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕੰਵਲਜੀਤ ਸਿੰਘ ਧੰਜੂ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਤਨਾਮ ਸਿੰਘ ਬਾਠ ਰਾਹੀਂ ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਸਿੱਖਿਆ ਬੋਰਡ ਦੇ ਚੇਅਰਮੈਨ ਦੇ ਨਾਂਅ ਆਪਣਾ ਵਿਰੋਧ ਪੱਤਰ ਸੌਂਪਿਆ ਗਿਆ ਤੇ ਵਿਦਿਆਰਥੀਆਂ 'ਤੇ ਫੀਸਾਂ ਦੇ ਪਾਏ ਜਾ ਰਹੇ ਇਸ ਵਾਧੂ ਬੋਝ ਨੂੰ ਵਾਪਿਸ ਲੈਣ ਦੀ ਮੰਗ ਕੀਤੀ ਗਈ। ਇਸ ਸੰਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਡੀਟੀਐੱਫ ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ, ਵਿੱਤ ਸਕੱਤਰ ਅਮਰਦੀਪ ਸ਼ਰਮਾ, ਸਰਬਜੀਤ ਸਿੰਘ ਕਾਜੀਕੋਟ, ਮਨਜਿੰਦਰਜੀਤ ਸਿੰਘ, ਵਰਿੰਦਰ ਸਿੰਘ, ਬਲਜੀਤ ਸਿੰਘ ਟੌਮ ਜ਼ਿਲ੍ਹਾ ਪ੍ਰਧਾਨ (ਜੀਐੱਸਟੀਯੂ), ਗੁਲਜ਼ਾਰ ਸਿੰਘ, ਜਸਕੀਰਤ ਸਿੰਘ ਪਹੁਵਿੰਡ, ਦਿਲਬਾਗ ਸਿੰਘ ਚੋਹਲਾ, ਲਖਬੀਰ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਵੱਲੋਂ ਗਰੀਬ ਵਿਦਿਆਰਥੀਆਂ ਤੋਂ ਬਹੁਤ ਜ਼ਿਆਦਾ ਫੀਸ ਵਸੂਲੀ ਜਾ ਰਹੀ ਹੈ ਜੋ ਲਾਜ਼ਮੀ ਸਿੱਖਿਆ ਅਧਿਕਾਰ ਕਾਨੂੰਨ ਤਹਿਤ 6 ਤੋਂ 14 ਸਾਲ ਦੇ ਵਿਦਿਆਰਥੀਆਂ ਲਈ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੀ ਉਲੰਘਣਾ ਹੈ। ਡੀਟੀਐੱਫ ਆਗੂਆਂ ਨੇ ਦੱਸਿਆ ਕਿ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਸਰਟੀਫਿਕੇਟ ਫੀਸ ਦੇ ਨਾਮ ਹੇਠ ਲਈ ਜਾਂਦੀ ਫੀਸ, ਪ੍ਰਯੋਗੀ ਫੀਸ ਅਤੇ ਮਾਮੂਲੀ ਤਰੁੱਟੀਆਂ ਲਈ ਲਾਏ ਜਾਂਦੇ ਭਾਰੀ ਜੁਰਮਾਨਾ ਫੀਸ ਅਤੇ ਸਰਟੀਫਿਕੇਟ ਦੇ ਨਾਂ 'ਤੇ ਲਈ ਜਾਂਦੀ ਫੀਸ ਨੂੰ ਤੁਰੰਤ ਬੰਦ ਨਾ ਕੀਤਾ ਗਿਆ ਤਾਂ 3 ਅਕਤੂਬਰ ਨੂੰ ਸਿੱਖਿਆ ਬੋਰਡ ਦੇ ਮੁਹਾਲੀ ਵਿਖੇ ਆਪ ਸਰਕਾਰ ਖਿਲਾਫ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਪੰਜਾਬੀ ਮਾਂ ਬੋਲੀ ਜਾਗਰੂਕਤਾ ਰੈਲੀ ਦਾ ਬਾਬਾ ਬਕਾਲਾ ਪੁੱਜਣ 'ਤੇ ਹੋਵੇਗਾ ਭਰਵਾਂ ਸਵਾਗਤ: ਰਾਜਨ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਵਿਸ਼ਵ ਪੰਜਾਬੀ ਸਭਾ (ਰਜਿ:) ਕੈਨੇਡਾ ਵੱਲੋਂ ਪੰਜਾਬੀ ਮਾਂ ਬੋਲੀ ਜਾਗਰੂਕਤਾ ਬੱਸ ਰੈਲੀ ਜੋ ਕਿ 23 ਸਤੰਬਰ ਤੋਂ 27 ਸਤੰਬਰ ਤੱਕ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚੰਡੀਗੜ੍ਹ ਤੋਂ ਬਟਾਲਾ ਤੱਕ ਕੱਢੀ ਜਾ ਰਹੀ ਹੈ, ਦਾ ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਪੁੱਜਣ 'ਤੇ ਭਰਵਾਂ ਸਵਾਗਤ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸੇਲਿੰਦਰਜੀਤ ਸਿੰਘ ਰਾਜਨ ਨੇ ਦੱਸਿਆ ਹੈ ਕਿ ਚੰਡੀਗੜ੍ਹ ਤੋਂ ਰਵਾਨਾ ਹੋਈ ਇਹ ਰੈਲੀ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਇਤਿਹਾਸਕ ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਪੁਜੇਗੀ, ਜਿੱਥੇ ਕਿ ਦਰਸ਼ਨ ਦੀਦਾਰੇ ਕਰਨ ਉਪਰੰਤ ਅਗਲੇ ਪੜਾਅ ਲਈ ਰਵਾਨਾ ਹੋਵੇਗੀ । ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਉਕਤ ਰੈਲੀ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਮੱਖਣ ਸਿੰਘ ਭੈਣੀਵਾਲਾ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ ਅਤੇ ਹੋਰ ਹਾਜ਼ਰ ਸਨ।

ਧਾਮੀ ਵੱਲੋਂ 'ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ' ਪੁਸਤਕ ਰਿਲੀਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਨਾਲ ਮੋਰਚੇ ਨਾਲ ਸਬੰਧਤ ਇਕ ਅਹਿਮ ਪੁਸਤਕ ਨੂੰ ਮੁੜ ਪ੍ਰਕਾਸ਼ਤ ਕੀਤਾ ਗਿਆ ਹੈ। ਪ੍ਰਸਿੱਧ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਦੀ ਇਹ ਪੁਸਤਕ 'ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ' ਸ਼੍ਰੋਮਣੀ ਕਮੇਟੀ ਨੇ 1974 ਵਿਚ ਛਾਪੀ ਸੀ, ਜਿਸ ਦਾ ਦੂਸਰਾ ਐਡੀਸ਼ਨ ਧਰਮ ਪ੍ਰਚਾਰ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਰਕੇ ਛਾਪਿਆ ਗਿਆ ਹੈ। ਅੱਜ ਇਹ ਪੁਸਤਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੋਰ ਅਹੁਦੇਦਾਰਾਂ ਅਤੇ ਅੰਤ੍ਰਿੰਗ ਮੈਂਬਰਾਂ ਦੀ ਮੌਜੂਦਗੀ ਵਿਚ ਜਾਰੀ ਕੀਤੀ। ਐਡਵੋਕੇਟ ਧਾਮੀ ਨੇ ਇਸ ਮੌਕੇ ਆਖਿਆ ਕਿ ਇਤਿਹਾਸ ਦੀਆਂ ਮੁੱਲਵਾਨ ਪੁਸਤਕਾਂ ਨੂੰ ਮੁੜ ਪ੍ਰਕਾਸ਼ਤ ਕਰਕੇ ਪਾਠਕਾਂ ਤੱਕ ਪਹੁੰਚਾਉਣ ਦੇ ਯਤਨ ਲਗਾਤਾਰ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਜੈਤੋ ਦੇ ਮੋਰਚੇ ਦੀ ਇਹ ਪੁਸਤਕ ਜਿਥੇ ਅਕਾਲੀ ਲਹਿਰ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਰੂਪਮਾਨ ਕਰਦੀ ਹੈ, ਉਥੇ ਹੀ ਜੈਤੋ ਦੇ ਮੋਰਚੇ ਤੋਂ ਇਲਾਵਾ ਹੋਰ ਮੋਰਚਿਆਂ ਬਾਰੇ ਵੀ ਜਾਣਕਾਰੀ ਦਿੰਦੀ ਹੈ। ਇਸ ਵਿਚ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਦਾ ਮੁਕੰਮਲ ਵੇਰਵਾ ਵੀ ਦਰਜ਼ ਹੈ। ਸਰਲ ਭਾਸ਼ਾ ਵਿਚ ਲਿਖੀ ਗਈ ਇਹ ਪੁਸਤਕ ਸਿੱਖ ਸੰਗਰਾਮ ਦੀ ਗਾਥਾ ਨੂੰ ਬਾਖੂਬੀ ਪੇਸ਼ ਕਰਦੀ ਹੈ, ਜਿਸ ਤੋਂ ਪਾਠਕਾਂ ਨੂੰ ਆਪਣੇ ਕੌਮੀ ਨਾਇਕਾਂ ਅਤੇ ਯੋਧਿਆਂ ਦੇ ਜੀਵਨ ਦੀ ਘਾਲਣਾ ਬਾਰੇ ਜਾਣਕਾਰੀ ਮਿਲੇਗੀ। ਪੁਸਤਕ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਜਰਨੈਲ ਸਿੰਘ ਕਰਤਾਰਪੁਰ, ਸੁਰਜੀਤ ਸਿੰਘ ਤੁਗਲਵਾਲ, ਬਾਵਾ ਸਿੰਘ ਗੁਮਾਨਪੁਰਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਗੁਰਨਾਮ ਸਿੰਘ ਜੱਸਲ, ਪਰਮਜੀਤ ਸਿੰਘ ਖਾਲਸਾ, ਸ਼ੇਰ ਸਿੰਘ ਮੰਡਵਾਲਾ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ ਤੇ ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਸਿਮਰਜੀਤ ਸਿੰਘ, ਲਿਟਰੇਚਰ ਵਿਭਾਗ ਦੇ ਇੰਚਾਰਜ ਗੁਰਮੀਤ ਸਿੰਘ ਮੁਕਤਸਰੀ ਆਦਿ ਹਾਜ਼ਰ ਸਨ।

ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ

ਗੁਰਦਾਸਪੁਰ, (ਜਨਕ ਮਹਾਜਨ)

ਜ਼ਿਲ੍ਹੇ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਕੁਝ ਲੋਕਾਂ ਵੱਲੋਂ ਵੱਖ-ਵੱਖ ਸਥਾਨਾਂ 'ਤੇ ਜਿਵੇਂ ਕਿ ਪੰਚਾਇਤੀ ਜ਼ਮੀਨਾਂ, ਸੜਕਾਂ, ਗਲੀਆਂ, ਰਾਜਬਾਹੇ, ਨਹਿਰੀ ਥਾਵਾਂ ਅਤੇ ਹੋਰ ਸਰਕਾਰੀ ਪ੍ਰਾਪਰਟੀ 'ਤੇ ਕੀਤੇ ਜਾਂਦੇ ਨਜਾਇਜ਼ ਕਬਜ਼ੇ ਨੂੰ ਹਟਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਕਦਮ ਚੁੱਕੇ ਗਏ ਹਨ। ਜ਼ਿਲ੍ਹੇ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਤੁਰੰਤ ਛੁਡਵਾਉਣ ਲਈ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ਹਿਰੀ ਖੇਤਰਾਂ ਵਿੱਚ ਨਜ਼ਾਇਜ ਕਬਜ਼ੇ ਹਟਾਉਣ ਲਈ ਬਟਾਲਾ ਨਗਰ ਨਿਗਮ ਵਿੱਚ ਕਮਿਸ਼ਨਰ ਨਗਰ ਨਿਗਮ ਜਦਕਿ ਬਾਕੀ ਨਗਰ ਕੌਂਸਲਾਂ ਵਿੱਚ ਕਾਰਜ ਸਾਧਕ ਅਫ਼ਸਰ ਆਪਣੇ ਅਧਿਕਾਰ ਖੇਤਰ ਅਧੀਨ ਨਜਾਇਜ ਕਬਜ਼ੇ ਛੁਡਾਉਣੇ ਯਕੀਨੀ ਬਣਾਉਣਗੇ। ਇਨ੍ਹਾਂ ਅਧਿਕਾਰੀਆਂ ਵੱਲੋਂ ਆਪਣੇ ਦਫ਼ਤਰ ਵਿੱਚ ਨਗਰ ਨਿਗਮ, ਕੌਂਸਲ ਦੀ ਪ੍ਰਾਪਰਟੀ ਦਾ ਰਿਕਾਰਡ ਮੇਨਟੇਨ ਕਰਨ ਲਈ ਇੱਕ ਨੋਡਲ ਅਫ਼ਸਰ ਨਿਯੁਕਤ ਕੀਤਾ ਜਾਵੇਗਾ। ਇਹ ਨੋਡਲ ਅਫ਼ਸਰ ਉੱਕਤ ਪ੍ਰਾਪਰਟੀ ਦਾ ਰੈਵੀਨਿਊ ਰਿਕਾਰਡ ਵੀ ਮੇਨਟੇਨ ਕਰਨਗੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਵੀ ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਨੋਡਲ ਅਫ਼ਸਰ ਅਤੇ ਕਮਿਸ਼ਨਰ ਨਗਰ ਨਿਗਮ/ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਦੀ ਨਿੱਜੀ ਜਿੰਮੇਵਾਰੀ ਹੋਵੇਗੀ। ਏਡੀਸੀ (ਸ਼ਹਿਰੀ ਵਿਕਾਸ/ਜਨਰਲ) ਗੁਰਦਾਸਪੁਰ ਵੱਲੋਂ ਇਸ ਦੀ ਨਿਗਰਾਨੀ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪੇਂਡੂ ਖੇਤਰ ਵਿੱਚ ਨਜਾਇਜ਼ ਕਬਜ਼ੇ ਛੁਡਾਉਣ ਲਈ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੀ ਜ਼ਿੰਮੇਵਾਰੀ ਨਿਰਧਾਰਤ ਕੀਤੀ ਹੈ। ਉਨ੍ਹਾਂ ਕਿਹਾ ਕਿ ਬੀ.ਡੀ.ਪੀ.ਓਜ਼. ਪੰਚਾਇਤ ਵਾਈਜ਼ ਪੰਚਾਇਤੀ ਪ੍ਰਾਪਰਟੀ ਦਾ ਰਿਕਾਰਡ ਮੇਨਟੇਨ ਕਰਨ ਲਈ ਸਬੰਧਤ ਪੰਚਾਇਤ ਸਕੱਤਰ ਅਤੇ ਸਰਪੰਚ ਦੀ ਹੁਕਮਾਂ ਰਾਹੀਂ ਡਿਊਟੀ ਲਗਾਉਣਗੇ। ਪੰਚਾਇਤ ਸਕੱਤਰ ਅਤੇ ਸਰਪੰਚ ਇਹ ਧਿਆਨ ਵੀ ਰੱਖਣਗੇ ਕਿ ਉਨ੍ਹਾਂ ਦੇ ਪਿੰਡ ਵਿੱਚ ਕਿਸੇ ਸਰਕਾਰੀ ਜ਼ਮੀਨ 'ਤੇ ਕੋਈ ਨਜਾਇਜ਼ ਕਬਜ਼ਾ ਤਾਂ ਨਹੀਂ ਹੋ ਰਿਹਾ ਅਤੇ ਅਜਿਹੀ ਸਥਿਤੀ ਵਿੱਚ ਤੁਰੰਤ ਆਪਣੇ ਬੀਡੀਪੀਓ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਗੁਰਦਾਸਪੁਰ ਰਾਹੀਂ ਉਹ ਕਬਜ਼ਾ ਹਟਵਾਉਣਗੇ। ਇਸ ਤੋਂ ਇਲਾਵਾ ਪਿੰਡ ਦੇ ਪੰਚਾਇਤ ਸਕੱਤਰ ਵੱਲੋਂ ਉਕਤ ਪ੍ਰਾਪਰਟੀ ਦਾ ਰੈਵੀਨਿਊ ਰਿਕਾਰਡ ਵੀ ਮੇਨਟੇਨ ਕੀਤਾ ਜਾਵੇਗਾ ਅਤੇ ਕਿਸੇ ਵੀ ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਪੰਚਾਇਤ ਸਕੱਤਰ ਅਤੇ ਪਿੰਡ ਦੇ ਸਰਪੰਚ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਗੁਰਦਾਸਪੁਰ ਪੇਂਡੂ ਖੇਤਰ ਵਿੱਚ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

ਨਾਰੀ ਸ਼ਕਤੀ ਵੰਦਨ ਬਿੱਲ ਨੂੰ ਮਨਜ਼ੂਰੀ ਸ਼ਲਾਘਾਯੋਗ ਤੇ ਇਤਿਹਾਸਕ ਫੈਸਲਾ : ਜਗਦੀਸ ਕੌਰ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)

ਦੇਸ਼ ਦੀ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ ਔਰਤਾਂ ਦੇ ਰਾਖਵੇਂਕਰਨ ਲਈ ਲਿਆਂਦਾ ਗਿਆ ਨਾਰੀ ਸ਼ਕਤੀ ਵੰਦਨ ਬਿੱਲ ਪਾਸ ਕਰਕੇ ਮੋਦੀ ਸਰਕਾਰ ਨੇ ਅਤਿਅੰਤ ਸ਼ਲਾਘਾਯੋਗ ਤੇ ਇਤਿਹਾਸਿਕ ਫੈਸਲਾ ਲਿਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਤੇ ਭਾਜਪਾ ਦੇ ਓਬੀਸੀ ਮੋਰਚਾ ਦੇ ਸੂਬਾ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਅਤੇ ਭਾਜਪਾ ਦੇ ਮਹਿਲਾ ਮੋਰਚਾ ਦੇ ਸੂਬਾ ਸੀਨੀ.ਆਗੂ ਡਾ. ਅਵਤਾਰ ਕੌਰ ਅਜਨਾਲਾ ਦੀ ਸਰਪ੍ਰਸਤੀ ਹੇਠ ਪਾਰਟੀ ਲਈ ਨਿਸ਼ਕਾਮ ਸੇਵਾਵਾਂ ਨਿਭਾਅ ਰਹੇ ਭਾਜਪਾ ਦੇ ਮਹਿਲਾ ਮੋਰਚਾ ਦੇ ਸੀਨੀ.ਆਗੂ ਬੀਬੀ ਜਗਦੀਸ ਕੌਰ ਅਜਨਾਲਾ ਨੇ ਭਾਜਪਾ ਦੀ ਕੇਂਦਰੀ ਮੋਦੀ ਸਰਕਾਰ ਦੀਆਂ ਲੋਕ ਹਿਤੈਸ਼ੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਔਰਤ ਵਰਕਰਾਂ ਦੀ ਰੱਖੀ ਮੀਟਿੰਗ ਉਪਰੰਤ ਵੱਡੀ ਗਿਣਤੀ 'ਚ ਇਕੱਤਰ ਔਰਤਾਂ ਨਾਲ ਉਕਤ ਬਿੱਲ ਪਾਸ ਹੋਣ ਦੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕੀਤਾ। ਇਸ ਮੌਕੇ ਭਾਜਪਾ ਮਹਿਲਾ ਮੋਰਚਾ ਦੇ ਆਗੂ ਬੀਬੀ ਕੁਲਬੀਰ ਕੌਰ, ਸਾਬਕਾ ਸਰਪੰਚ ਬੀਬੀ ਰਣਬੀਰ ਕੌਰ ਰਾਏਪੁਰ ਕਲਾਂ, ਕੌਂਸਲਰ ਬੀਬੀ ਸਿੰਮੀ ਸਰੀਨ, ਕੌਂਸਲਰ ਬੀਬੀ ਰਾਜਬੀਰ ਕੌਰ ਚਾਹਲ, ਹਰਿੰਦਰ ਕੌਰ, ਹਰਜੀਤ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ।

ਕਿਸ਼ੋਰ/ਕਿਸ਼ੋਰੀਆਂ ਲਈ ਵਰਦਾਨ ਹਨ ਉਮੰਗ ਕਲੀਨਿਕ: ਡਾ. ਜਤਿੰਦਰ ਭਾਟੀਆ

ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)

ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ, ਡਾ. ਭਾਵਨਾ ਨੋਡਲ ਅਫਸਰ ਦੇ ਮਾਰਗਦਰਸ਼ਨ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਭਾਟੀਆ, ਸੀਐੱਚਸੀ ਭਾਮ ਦੀ ਯੋਗ ਅਗਵਾਈ ਹੇਠ ਸਰਕਾਰੀ ਹਾਈ ਸਮਾਰਟ ਸਕੂਲ ਬਸਰਾਏ ਵਿਖੇ ਕਿਸ਼ੋਰ ਸਿਹਤ ਅਤੇ ਤੰਦਰੁਸਤ ਦਿਵਸ ਮਨਾਇਆ ਗਿਆ ਜਿਸ ਵਿਚ ਪੀਅਰ ਐਜੂਕੇਟਰਾਂ ਅਤੇ ਸਕੂਲ

27-Sep-PAGE-4.qxd 9/26/2023 10:35 PM Page 1

ਨਵਾਂ ਜ਼ਮਾਨਾ
ਬੁੱਧਵਾਰ, 27 ਸਤੰਬਰ 2023

ਵਿਸ਼ਵ ਗੁਰੂ ਦਾ ਮੁਖੌਟਾ ਲੀਰੋ-ਲੀਰ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਸਤੰਬਰ ਨੂੰ ਭਾਰਤ ਉੱਤੇ ਦੋਸ਼ ਲਾਇਆ ਸੀ ਕਿ ਉਸ ਦੀਆਂ ਖੁਫੀਆ ਏਜੰਸੀਆਂ ਦਾ ਉਸ ਦੇ ਇੱਕ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਹੱਥ ਸੀ। ਇਸ ਮਾਮਲੇ ਵਿੱਚ ਨਵਾਂ ਮੋੜ ਉਸ ਸਮੇਂ ਆਇਆ, ਜਦੋਂ 23 ਸਤੰਬਰ ਨੂੰ ਨਿਊ ਯਾਰਕ ਟਾਈਮਜ਼ ਨੇ ਇਹ ਖ਼ਬਰ ਛਾਪ ਦਿੱਤੀ ਕਿ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਸੰਬੰਧੀ ਅਮਰੀਕੀ ਖੁਫੀਆ ਏਜੰਸੀਆਂ ਨੇ ਕੈਨੇਡਾ ਨਾਲ ਤੱਥਾਂ ਨੂੰ ਸਾਂਝਾ ਕੀਤਾ ਸੀ। ਇਸ ਦੇ ਨਾਲ ਹੀ ਇਹ ਖਬਰ ਵੀ ਆਈ ਹੈ ਕਿ ਹੱਤਿਆ ਤੋਂ ਪਹਿਲਾਂ ਕੈਨੇਡੀਅਨ ਅਧਿਕਾਰੀਆਂ ਨੇ ਨਿੱਝਰ ਨੂੰ ਦੱਸਿਆ ਸੀ ਕਿ ਉਹ ਖ਼ਤਰੇ ਵਿੱਚ ਹੈ। ਇਨ੍ਹਾਂ ਦੇਸ਼ਾਂ ਦੇ ਬਿਆਨਾਂ ਤੋਂ ਸਾਫ਼ ਹੋ ਜਾਂਦਾ ਹੈ ਕਿ 'ਫਾਈਵ ਆਈਜ਼' ਦੇ ਦੇਸ਼: ਅਮਰੀਕਾ, ਬਰਤਾਨੀਆ, ਆਸਟ੍ਰੇਲੀਆ ਤੇ ਨਿਊ ਜ਼ੀਲੈਂਡ ਕੈਨੇਡਾ ਦੀ ਪਿੱਠ ਉੱਤੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਜੂਨ ਵਿੱਚ ਵਾਪਰੇ ਹੱਤਿਆ ਕਾਂਡ ਨੂੰ ਏਨੇ ਸਮੇਂ ਬਾਅਦ ਹੁਣ ਹੀ ਕਿਉਂ ਕੱਛ 'ਚੋਂ ਮੂੰਗਲੀ ਕੱਢਣ ਵਾਂਗ ਸਾਹਮਣੇ ਲੈ ਆਂਦਾ ਗਿਆ ਹੈ। ਇਸ ਸਵਾਲ ਦੇ ਹੱਲ ਲਈ ਸਾਨੂੰ ਪਿੱਛੇ ਝਾਕਣਾ ਪਵੇਗਾ। ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸਾਡੀ ਹਕੂਮਤ ਲਗਾਤਾਰ ਪੱਛਮ ਵੱਲ ਝੁਕਦੀ ਰਹੀ ਹੈ। ਪੱਛਮੀ ਦੇਸ਼ ਮੋਦੀ ਦੀਆਂ ਫੇਰੀਆਂ ਮੌਕੇ ਉਸ ਦੇ ਸਵਾਗਤ ਲਈ ਪੱਬਾਂ ਭਾਰ ਹੁੰਦੇ ਰਹੇ। ਉਹ ਮੋਦੀ ਦੀ ਵਿਸ਼ਵ ਗੁਰੂ ਬਣਨ ਦੀ ਲਾਲਸਾ ਨੂੰ ਲਗਾਤਾਰ ਪੱਠੇ ਪਾਉਂਦੇ ਰਹੇ। ਵਿਸ਼ਵ ਵਿਵਸਥਾ ਵਿੱਚ ਪੱਛਮ ਦੇ ਡੁੱਬ ਰਹੇ ਸਿਤਾਰੇ ਤੇ ਪੂਰਬ ਵੱਲੋਂ ਚੀਨ ਦੇ ਉਦੈ ਹੋ ਰਹੇ ਸੂਰਜ ਨੇ ਉਨ੍ਹਾਂ ਨੂੰ ਏਨਾ ਭੈਅਭੀਤ ਕਰ ਦਿੱਤਾ ਹੈ ਕਿ ਇਸ ਮੰਝਧਾਰ ਵਿੱਚੋਂ ਨਿਕਲਣ ਲਈ ਉਹ ਭਾਰਤ ਨੂੰ ਹੀ ਸਹਾਰਾ ਸਮਝਦੇ ਹਨ।

ਮੋਦੀ ਹਕੂਮਤ ਉੱਤੇ ਵਿਸ਼ਵ ਗੁਰੂ ਬਣਨ ਦੀ ਖੁਮਾਰੀ ਏਨੀ ਚੜ੍ਹ ਚੁੱਕੀ ਸੀ ਕਿ 2019 ਵਿੱਚ ਪਾਕਿਸਤਾਨ ਵਿਰੁੱਧ ਕੀਤੀ ਏਅਰ ਸਟ੍ਰਾਈਕ ਤੋਂ ਬਾਅਦ ਇਹ ਐਲਾਨ ਕਰ ਦਿੱਤਾ, 'ਹੁਣ ਸਾਡਾ ਸਿਧਾਂਤ ਹੈ ਕਿ ਅਸੀਂ ਘਰ ਵਿੱਚ ਘੁਸ ਕੇ ਮਾਰਾਂਗੇ।' ਇਹ ਨੀਤੀ ਪਹਿਲਾਂ ਇਜ਼ਰਾਈਲ ਨੇ ਅਪਣਾਈ ਸੀ, ਜਿਸ ਨੂੰ ਮੋਦੀ ਸਰਕਾਰ ਆਪਣਾ ਆਦਰਸ਼ ਮੰਨਦੀ ਹੈ। ਵਰਣਨਯੋਗ ਹੈ ਕਿ 1972 ਦੀਆਂ ਮਿਊਨਿਖ ਖੇਡਾਂ ਵਿੱਚ ਆਪਣੇ ਖਿਡਾਰੀਆਂ ਦਾ ਬਦਲਾ ਲੈਣ ਲਈ ਇਜ਼ਰਾਈਲ ਨੇ ਲੱਭ-ਲੱਭ ਕੇ ਹਤਿਆਰਿਆਂ ਨੂੰ ਖ਼ਤਮ ਕੀਤਾ ਸੀ।

ਚੀਨ ਨੂੰ ਘੇਰਨ ਲਈ ਭਾਰਤ ਨੂੰ ਆਪਣੇ ਨਾਲ ਜੋੜਨ ਵਾਸਤੇ ਅਮਰੀਕਾ ਨੇ ਆਪਣੇ ਸਾਰੇ ਕਾਇਦੇ-ਕਾਨੂੰਨ ਵੀ ਛਿੱਕੇ ਉੱਤੇ ਟੰਗ ਦਿੱਤੇ ਸਨ। ਉਸ ਨੇ ਏਅਰ ਸਟ੍ਰਾਈਕ ਬਾਰੇ ਚੁੱਪ ਵੱਟੀ ਰੱਖੀ। ਭਾਰਤ ਦੇ ਅੰਦਰ ਮੁਸਲਮਾਨਾਂ, ਈਸਾਈਆਂ ਤੇ ਦਲਿਤਾਂ ਉੱਤੇ ਸੰਸਥਾਗਤ ਹਮਲਿਆਂ ਵਿਰੁੱਧ ਅੱਖਾਂ ਮੀਟੀ ਰੱਖੀਆਂ ਹਨ। ਅਸਲ ਵਿੱਚ ਅਮਰੀਕਾ ਲਈ ਮਨੁੱਖੀ ਅਧਿਕਾਰਾਂ ਦਾ ਮਸਲਾ ਇੱਕ ਰਣਨੀਤਕ ਮੁੱਦਾ ਰਿਹਾ ਹੈ। ਅਮਰੀਕਾ ਨੇ ਵੀਅਤਨਾਮ ਤੇ ਇਰਾਕ ਉੱਤੇ ਹਮਲੇ ਕਰਕੇ ਖੁਦ ਕੌਮਾਂਤਰੀ ਕਾਨੂੰਨਾਂ ਨੂੰ ਟਿੱਚ ਜਾਣਿਆ ਸੀ। ਬਹੁਤ ਸਾਰੇ ਈਰਾਨੀ ਕਮਾਂਡਰਾਂ ਨੂੰ ਵੀ ਮਾਰਨ ਦਾ ਉਹ ਦੋਸ਼ੀ ਹੈ। ਅਮਰੀਕਾ ਦੀ ਵਿਕਾਸਸ਼ੀਲ ਦੇਸ਼ਾਂ ਵੱਲ ਹਮੇਸ਼ਾ ਇਹ ਪਹੁੰਚ ਰਹੀ ਹੈ ਕਿ ਪਹਿਲਾਂ ਉਨ੍ਹਾਂ ਨੂੰ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਲਈ ਹੱਲਾਸ਼ੇਰੀ ਦਿਓ ਤੇ ਲੋੜ ਪੈਣ ਉੱਤੇ ਕਟਹਿਰੇ ਵਿੱਚ ਖੜ੍ਹਾ ਕਰ ਲਓ।

ਅਮਰੀਕਾ ਨੂੰ ਪੂਰੀ ਆਸ ਸੀ ਕਿ ਚੀਨ ਵਿਰੁੱਧ ਭਾਰਤ ਉਸ ਦਾ ਹੱਥਾ ਠੋਕਾ ਬਣੇਗਾ, ਪਰ ਮੋਦੀ ਲਈ ਇਹ ਏਨਾ ਸੌਖਾ ਨਹੀਂ ਸੀ। ਉਸ ਨੇ ਕਿਉਂਕਿ ਵਿਸ਼ਵ ਗੁਰੂ ਬਣਨਾ ਸੀ, ਇਸ ਲਈ ਮੋਦੀ ਸਰਕਾਰ ਨੇ ਇੱਕ ਪਾਸੇ ਤਾਂ ਅਮਰੀਕਾ ਨਾਲ ਜੁੜਨ ਲਈ ਪੂਰੀ ਵਾਹ ਲਾਈ ਤੇ ਦੂਜੇ ਪਾਸੇ ਦੁਨੀਆ ਦੇ ਨਕਸ਼ੇ ਉੱਤੇ ਉੱਭਰ ਰਹੀ ਚੀਨ-ਰੂਸ ਜੋੜੀ ਦੀ ਅਗਵਾਈ ਵਾਲੀ ਦੂਜੀ ਧੁਰੀ ਨਾਲ ਵੀ ਸੰਬੰਧ ਬਣਾਈ ਰੱਖੇ। ਮੋਦੀ ਸਰਕਾਰ ਦੀ ਨੀਤੀ ਸੀ ਕਿ ਦੋਵਾਂ ਧੜਿਆਂ ਦੇ ਇੱਕ-ਦੂਜੇ ਦੇ ਡਰ ਨੂੰ ਵਰਤ ਕੇ ਵੱਧ ਤੋਂ ਵੱਧ ਲਾਭ ਪ੍ਰਾਪਤ ਕੀਤਾ ਜਾਵੇ। ਅਮਰੀਕਾ ਨੂੰ ਸਭ ਤੋਂ ਵੱਡਾ ਧੱਕਾ ਉਦੋਂ ਲੱਗਾ, ਜਦੋਂ ਜੋਹਨਸਬਰਗ ਵਿੱਚ ਹੋਏ ਬ੍ਰਿਕਸ ਸੰਮੇਲਨ ਵਿੱਚ 6 ਨਵੇਂ ਦੇਸ਼ ਮੈਂਬਰ ਲੈਣ ਲਈ ਭਾਰਤ ਨੇ ਹਾਮੀ ਭਰ ਦਿੱਤੀ ਤੇ ਨਾਲ ਹੀ ਆਪਣਾ ਵੱਖਰਾ ਬੈਂਕ ਤੇ ਕਰੰਸੀ ਦੇ ਫੈਸਲੇ ਲੈ ਲਏ।

ਇਸ ਦੇ ਬਾਵਜੂਦ ਪੱਛਮੀ ਦੇਸ਼ਾਂ ਨੇ ਕੌੜਾ ਘੁੱਟ ਭਰ ਲਿਆ। ਉਨ੍ਹਾਂ ਜੀ-20 ਦੇ ਦਿੱਲੀ ਸਿਖਰ ਸੰਮੇਲਨ ਦੌਰਾਨ ਆਪਣੇ ਰੁਖ ਨਾਲ ਸਮਝੌਤਾ ਕਰ ਲਿਆ। ਉਨ੍ਹਾਂ ਐਲਾਨਨਾਮੇ ਵਿਚਲੀ ਉਹ ਭਾਸ਼ਾ ਵੀ ਮੰਨ ਲਈ, ਜਿਹੜੀ ਉਨ੍ਹਾਂ ਦੀ ਪੁਰਾਣੀ ਧਾਰਨਾ ਦੇ ਵਿਰੁੱਧ ਸੀ। ਲਗਦਾ ਇਹ ਹੈ ਕਿ ਪੱਛਮੀ ਦੇਸ਼ ਇੰਜ ਕਰਕੇ ਮੋਦੀ ਦੀ ਹਉਮੈ ਨੂੰ ਪੱਠੇ ਪਾ ਰਹੇ ਸਨ। ਇਸ ਸੰਮੇਲਨ ਦੀ ਸਫ਼ਲਤਾ ਨੇ ਮੋਦੀ ਦੀ ਛਵੀ ਨੂੰ ਚਾਰ ਚੰਨ ਲਾ ਦਿੱਤੇ। ਇਸ ਲਈ ਅਰਬਾਂ ਰੁਪਏ ਵੀ ਫੂਕ ਦਿੱਤੇ ਗਏ। ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਪੱਛਮੀ ਮੁਲਕਾਂ ਦਾ ਹਮੇਸ਼ਾ ਦੂਹਰਾ ਕਿਰਦਾਰ ਰਿਹਾ ਹੈ। ਇਹ ਪਹਿਲਾਂ ਕੋਠੇ ਉੱਤੇ ਚੜ੍ਹਾਉਂਦੇ ਹਨ ਤੇ ਫਿਰ ਲੋੜ ਪੈਣ ਉੱਤੇ ਪੌੜੀ ਖਿੱਚ ਲੈਂਦੇ ਹਨ।

ਜੀ-20 ਸੰਮੇਲਨ ਦੀ ਸਫਲਤਾ ਦੀ ਹਾਲੇ ਖੁਮਾਰੀ ਨਹੀਂ ਸੀ ਉਤਰੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਮੋਦੀ ਸਰਕਾਰ ਦੇ ਚਿਹਰੇ ਤੋਂ ਵਿਸ਼ਵ ਗੁਰੂ ਵਾਲਾ ਮੁਖੌਟਾ ਲਾਹ ਦਿੱਤਾ। ਇਹ ਇਲਜ਼ਾਮ ਸੱਚੇ ਹਨ ਜਾਂ ਝੂਠੇ, ਇਸ ਦਾ ਪਤਾ ਤਾਂ ਸਮੇਂ ਬਾਅਦ ਲੱਗੇਗਾ ਜਾਂ ਲੱਗੇਗਾ ਵੀ ਨਹੀਂ, ਕਹਿ ਨਹੀਂ ਸਕਦੇ, ਪਰ ਇੱਕ ਗੱਲ ਸਪੱਸ਼ਟ ਹੈ ਕਿ ਪੱਛਮੀ ਦੇਸ਼ਾਂ ਨੇ ਜਿਹੜਾ ਦਾਅ ਖੇਡਿਆ ਹੈ, ਉਹ ਗੰਭੀਰ ਨੌਈਅਤ ਦਾ ਹੈ। ਜੇਕਰ ਕੈਨੇਡਾ ਵੱਲੋਂ ਲਾਏ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਕੌਮਾਂਤਰੀ ਪੱਧਰ 'ਤੇ ਦੇਸ਼ ਦੀ ਛਵੀ ਪਾਕਿਸਤਾਨ ਵਰਗੀ ਹੋ ਜਾਵੇਗੀ।

ਜਾਪਦਾ ਹੈ ਕਿ ਅਮਰੀਕਾ ਇਸ ਸਥਿਤੀ ਨੂੰ ਵਰਤ ਕੇ ਭਾਰਤ ਨੂੰ ਆਪਣੇ ਖੇਮੇ ਵਿੱਚ ਪੱਕੇ ਤੌਰ ਉੱਤੇ ਲਿਆਉਣ ਲਈ ਵਰਤੇਗਾ। 'ਇੰਡੀਅਨ ਐੱਕਸਪ੍ਰੈਸ' ਦੀ ਖ਼ਬਰ ਅਨੁਸਾਰ ਅਮਰੀਕਾ ਦੀ ਵਿਚੋਲਗੀ ਰਾਹੀਂ ਕੈਨੇਡਾ ਤੇ ਭਾਰਤ ਵਿਚਾਲੇ ਪਰਦੇ ਪਿੱਛੇ ਗੱਲਬਾਤ ਜਾਰੀ ਹੈ। ਇਸ ਦੌਰਾਨ ਕੈਨੇਡਾ ਦੇ ਰੱਖਿਆ ਮੰਤਰੀ ਬਿਲ ਬਲੇਅਰ ਨੇ ਵੀ ਆਪਣੇ ਬਿਆਨ ਵਿੱਚ ਕੈਨੇਡਾ ਦੇ ਭਾਰਤ ਨਾਲ ਰਿਸ਼ਤਿਆਂ ਨੂੰ ਅਹਿਮ ਦੱਸਿਆ ਹੈ ਤੇ ਕਿਹਾ ਹੈ ਕਿ ਉਨ੍ਹਾ ਦਾ ਦੇਸ਼ ਭਾਰਤ ਨਾਲ ਸਾਂਝ ਵਧਾਉਣ ਲਈ ਲਗਾਤਾਰ ਯਤਨ ਜਾਰੀ ਰੱਖੇਗਾ। ਇਸ ਦੇ ਬਾਵਜੂਦ ਸੰਸਾਰ ਪੱਧਰ ਉੱਤੇ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਫਾਸ਼ੀਵਾਦ ਰਾਜਨੀਤੀ ਸਿਰਫ਼ ਭਾਰਤ ਹੀ ਨਹੀਂ ਵਿਸ਼ਵ ਲਈ ਖ਼ਤਰਾ ਬਣ ਸਕਦੀ ਹੈ। ਇਸ ਦੇ ਨਾਲ ਹੀ ਮੋਦੀ ਸਰਕਾਰ ਦੇ ਨੀਤੀ ਘਾੜਿਆਂ ਨੂੰ ਇਹ ਸਮਝ ਆ ਗਈ ਹੋਵੇਗੀ ਕਿ ਕਿਸੇ ਵੱਡੀ ਤਾਕਤ ਦਾ ਮੋਹਰਾ ਬਣ ਕੇ ਵਿਸ਼ਵ ਗੁਰੂ ਨਹੀਂ ਬਣਿਆ ਜਾ ਸਕਦਾ।

-ਚੰਦ ਫਤਿਹਪੁਰੀ

ਕੁਦਰਤ ਨੂੰ ਜਿੱਤਣ ਦੀ ਜ਼ਿਦ ਤੇ ਹਸ਼ਰ

ਗੁਰਚਰਨ ਸਿੰਘ ਨੂਰਪੁਰ

ਕੁਦਰਤ ਦੇ ਇਸ ਪਸਾਰੇ ਵਿੱਚ ਮਨੁੱਖ ਚੌਂਹ ਲੱਤਾਂ ਤੋਂ ਦੋ ਲੱਤਾਂ ਨਾਲ ਤੁਰਨ ਦੇ ਸਮਰੱਥ ਬਣਿਆ ਤੇ ਹੁਣ ਇਹ ਕੁਦਰਤੀ ਵਰਤਾਰਿਆਂ ਨੂੰ ਆਪਣੇ ਅਨੁਸਾਰ ਢਾਲਣ ਲਈ ਬਜ਼ਿੱਦ ਹੈ।

ਤਕਨੀਕੀ ਵਿਕਾਸ ਦੇ ਬਲਬੂਤੇ 'ਤੇ ਮਨੁੱਖ ਕੁਦਰਤ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਕਰਨ ਵਿੱਚ ਕੁਝ ਹੱਦ ਤੱਕ ਸਫਲ ਵੀ ਹੋਇਆ ਹੈ, ਪਰ ਜਿੱਥੇ-ਜਿੱਥੇ ਉਸ ਨੇ ਕੁਦਰਤ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ, ਉਹ ਬੁਰੀ ਤਰ੍ਹਾਂ ਹਾਰ ਗਿਆ। ਮਨੁੱਖ ਦੀ ਕੋਸ਼ਿਸ਼ ਸੀ ਕਿ ਜ਼ਹਿਰਾਂ, ਸਪਰੇਹਾਂ ਨਾਲ ਕੀਟਾਂ, ਪਤੰਗਿਆਂ ਦਾ ਸਫਾਇਆ ਕਰ ਦੇਵੇਗਾ ਤੇ ਆਨਾਜ ਦੀ ਵੱਧ ਪੈਦਾਵਾਰ ਕਰੇਗਾ, ਪਰ ਉਹਦਾ ਇਹ ਭਰਮ ਕੁਦਰਤ ਨੇ ਛੇਤੀ ਹੀ ਤੋੜ ਦਿੱਤਾ। ਜਿੰਨੀਆਂ ਰੇਹਾਂ, ਸਪਰੇਹਾਂ ਦਾ ਜ਼ਹਿਰ ਉਸ ਨੇ ਧਰਤੀ ਵਿੱਚ ਪਾਉਣਾ ਸ਼ੁਰੂ ਕੀਤਾ, ਉਸ ਤੋਂ ਕਿਤੇ ਵੱਧ ਕੀਟ-ਪਤੰਗੇ ਪੈਦਾ ਹੋ ਗਏ। ਮਨੁੱਖ ਦਾ ਇਹ ਭਰਮ ਸੀ ਕਿ ਉਹ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲੱਭ ਲਵੇਗਾ, ਇਸ ਵਿੱਚ ਕੁਝ ਹੱਦ ਤੱਕ ਸਫਲਤਾ ਵੀ ਹਾਸਿਲ ਹੋਈ, ਪਰ ਜਲਦੀ ਹੀ ਨਵੀਆਂ 'ਤੇ ਪਹਿਲਾਂ ਨਾਲੋਂ ਭਿਆਨਕ ਬਿਮਾਰੀਆਂ ਪੈਦਾ ਹੋਣ ਲੱਗੀਆਂ। ਕੁਦਰਤੀ ਸਾਧਨਾਂ ਨੂੰ ਵਰਤ ਕੇ ਮਨੁੱਖ ਵਿਕਾਸ ਅਤੇ ਤਰੱਕੀ ਦੀਆਂ ਮੰਜ਼ਲਾਂ ਦਾ ਸਾਹਸਵਾਰ ਬਣਿਆ, ਪਰ ਇਸ ਨਾਲ ਉਸ ਦੇ ਮਾਨਸਿਕ ਵਿਕਾਰ ਬੜੀ ਤੇਜੀ ਨਾਲ ਵਧਣ ਲੱਗ ਪਏ। ਮਨੁੱਖ ਦਾ ਸੁੱਖ-ਚੈਨ ਗਵਾਚ ਗਿਆ ਤੇ ਰਾਤਾਂ ਦੀ ਨੀਂਦ ਹਰਾਮ ਹੋ ਗਈ। ਵਿਕਾਸ ਤੇ ਤਰੱਕੀ ਦੇ ਇਸ ਦੌਰ ਵਿੱਚ ਮਨੁੱਖ ਦੇ ਦੁੱਖ, ਸਰੀਰਕ ਤੇ ਮਾਨਸਿਕ ਸੰਕਟ ਘਟੇ ਨਹੀਂ, ਸਗੋਂ ਹਰ ਦਿਨ ਹੋਰ ਵਧ ਰਹੇ ਹਨ।

ਇਸ ਬ੍ਰਹਿਮੰਡ ਦੇ ਕਿਸੇ ਹੋਰ ਗ੍ਰਹਿ 'ਤੇ ਫਿਲਹਾਲ ਜੀਵਨ ਹੋਣ ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ। ਹੋ ਸਕਦਾ ਹੈ ਕਿਸੇ ਹੋਰ ਗਲੈਕਸੀ ਦੇ ਕਿਸੇ ਗ੍ਰਹਿ 'ਤੇ ਜੀਵਨ ਹੋਵੇ, ਪਰ ਸਾਡਾ ਉਹਨਾਂ ਤੱਕ ਰਾਬਤਾ ਨਹੀਂ ਹੋ ਸਕਦਾ। ਧਰਤੀ 'ਤੇ ਜੀਵਨ ਇਸ ਲਈ ਹੈ ਕਿ ਧਰਤੀ ਦੁਆਲੇ ਜੀਵਨ ਰੱਖਿਅਕ ਹਵਾਵਾਂ ਦਾ ਗਿਲਾਫ ਚੜ੍ਹਿਆ ਹੋਇਆ ਹੈ। ਇਹ ਜੀਵਨ ਰੱਖਿਅਕ ਗਿਲਾਫ ਸਾਡੀਆਂ ਆਪ-ਹੁਦਰੀਆਂ ਕਰਕੇ ਹੁਣ ਓਨਾ ਤੰਦਰੁਸਤ ਨਹੀਂ ਰਿਹਾ, ਜਿੰਨਾ ਇਸ ਨੂੰ ਜੀਵਨ ਲਈ ਹੋਣਾ ਚਾਹੀਦਾ ਹੈ। ਵਾਤਾਵਰਣ ਵਿੱਚ ਹੱਦੋਂ ਵੱਧ ਦਖਲਅੰਦਾਜ਼ੀ ਵਾਲੀਆਂ ਮਨੁੱਖ ਦੀਆਂ ਆਪਹੁਦਰੀਆਂ ਕਾਰਵਾਈਆਂ ਕਰਕੇ ਜੀਵਨ ਰੱਖਿਅਕ ਉਜ਼ੋਨ ਪਰਤ ਵਿੱਚ ਮਘੋਰੇ ਬਣ ਗਏ ਹਨ, ਜਿਸ ਨਾਲ ਸੂਰਜ ਦੀਆਂ ਪਰਾਵੈਂਗਣੀ ਕਿਰਨਾਂ ਧਰਤੀ 'ਤੇ ਕਹਿਰ ਬਣਨ ਲੱਗੀਆਂ ਹਨ। ਚਮੜੀ ਦੇ ਰੋਗ ਖਾਸ ਕਰਕੇ ਚਮੜੀ ਦੇ ਕੈਂਸਰ ਤੇ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਧਰਤੀ ਦੇ ਜੀਵਾਂ 'ਤੇ ਕਹਿਰ ਢਾਹੁਣ ਲੱਗ ਪਈਆਂ ਹਨ। ਇਸ ਵਾਤਾਵਰਣ ਦੀ ਪਲੀਤਤਾ ਕਰਕੇ ਪੂਰੀ ਧਰਤੀ ਦਾ ਤਾਪਮਾਨ ਕੁਝ ਵਧ ਹੋ ਗਿਆ ਹੈ, ਜਿਸ ਨਾਲ ਧਰਤੀ 'ਤੇ ਭਿਆਨਕ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋ ਗਈਆਂ ਹਨ। ਦੁਨੀਆ ਭਰ ਵਿੱਚ ਮਸ਼ਹੂਰ ਸ਼ਿਕਾਗੋ ਯੂਨੀਵਰਸਿਟੀ ਦੇ ਊਰਜਾ ਨੀਤੀ ਅਦਾਰੇ ਵੱਲੋਂ ਪਿਛਲੇ ਦਿਨ ਪੇਸ਼ ਕੀਤੀ ਰਿਪੋਰਟ ਵਿੱਚ ਹਵਾ ਦੇ ਪ੍ਰਦੂਸਣ ਕਰਕੇ ਮਨੁੱਖ ਦੀ ਔਸਤ ਉਮਰ ਘਟ ਰਹੀ ਹੈ। ਇਸ ਅਦਾਰੇ ਅਨੁਸਾਰ ਭਾਰਤ ਵਿੱਚ ਹਵਾ ਪ੍ਰਦੂਸ਼ਣ ਕਰਕੇ 5.3 ਸਾਲ ਔਸਤ ਉਮਰ ਘੱਟ ਹੋ ਜਾਵੇਗੀ। ਰਾਜਧਾਨੀ ਦਿੱਲੀ ਵਿੱਚ 11.9 ਸਾਲ, ਗੁੜਗਾਉਂ ਵਿੱਚ 11.2 ਸਾਲ ਅਤੇ ਇਸੇ ਤਰ੍ਹਾਂ ਫਰੀਦਾਬਾਦ, ਕਾਨਪੁਰ, ਮੁਜ਼ੱਫਰਪੁਰ ਅਤੇ ਪਟਨਾ ਵਰਗੇ ਸ਼ਹਿਰਾਂ ਵਿੱਚ ਮਨੁੱਖ ਦੀ ਔਸਤ ਉਮਰ ਤੇਜ਼ੀ ਨਾਲ ਘਟਣ ਲੱਗੇਗੀ। ਪੰਜਾਬ ਦੇ ਵੀ ਕੁਝ ਅਜਿਹੇ ਸ਼ਹਿਰ ਹਨ, ਜਿਵੇਂ ਲਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਆਦਿ ਜਿੱਥੇ ਵਾਤਾਵਰਣ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਹੈ। ਰਿਪੋਰਟ ਅਨੁਸਾਰ ਹਵਾ ਦੇ ਪ੍ਰਦੂਸ਼ਣ ਦਾ ਅਸਰ ਪੂਰੇ ਭਾਰਤ 'ਤੇ ਹੋਵੇਗਾ ਅਤੇ ਭਾਰਤੀ ਲੋਕਾਂ ਦੀ ਔਸਤ ਉਮਰ ਘਟੇਗੀ। ਮੌਸਮਾਂ ਦੇ ਵਿਹਾਰ ਵਿੱਚ ਇੱਕ ਅੱਥਰਾ ਵੇਗ ਆ ਗਿਆ ਹੈ। ਜਿਸ ਤਰ੍ਹਾਂ ਇਸ ਸਾਲ ਹਿਮਾਚਲ ਅਤੇ ਉਤਰਾਖੰਡ ਵਰਗੇ ਪ੍ਰਦੇਸ਼ਾਂ ਵਿੱਚ ਇਸ ਵਾਰ ਬੱਦਲ ਫਟਣ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਬੇਤਹਾਸ਼ਾ ਪਾਣੀ ਮੈਦਾਨਾਂ ਵੱਲ ਆਇਆ ਹੈ, ਸਾਡਾ ਮੌਸਮ ਵਿਭਾਗ ਇਸ ਦਾ ਅਗਾਊਂ ਅਨੁਮਾਨ ਨਹੀਂ ਲਾ ਸਕਿਆ। ਇਸ ਦਾ ਭਾਵ ਇਹ ਹੈ ਕਿ ਭਵਿੱਖ ਵਿੱਚ ਵਾਪਰਨ ਵਾਲੇ ਕੁਦਰਤੀ ਵਰਤਾਰਿਆਂ ਸੰਬੰਧੀ ਬੇਸ਼ੱਕ ਭਵਿੱਖਬਾਣੀਆਂ ਕੀਤੀਆਂ ਜਾਂਦੀਆਂ ਹਨ, ਪਰ ਇਹਨਾਂ ਲਈ ਸਹੀ ਅੰਦਾਜ਼ੇ ਲਾਉਣ ਲਈ ਮਨੁੱਖ ਅਜੇ ਸਫਲ ਨਹੀਂ ਹੋਇਆ।

ਮਾਨਵ ਜਾਤ ਵਾਤਾਵਰਣ ਦਾ ਪ੍ਰਦੂਸ਼ਣ ਅਤੇ ਧਰਤੀ ਦੀ ਕੁਦਰਤੀ ਬਣਾਵਟ ਨਾਲ ਛੇੜਛਾੜ ਕਰਕੇ ਕਈ ਤਰ੍ਹਾਂ ਦੇ ਸੰਕਟ, ਦੁਸ਼ਵਾਰੀਆਂ ਆਪ ਸਹੇੜ ਰਹੀ ਹੈ। ਮਨੁੱਖ ਦੀ ਕੁਦਰਤੀ ਵਰਤਾਰਿਆਂ 'ਤੇ ਜਿੱਤ ਪਾਉਣ ਦੀ ਜ਼ਿਦ ਨਾਲ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਮੁਸੀਬਤਾਂ ਮਨੁੱਖ ਲਈ ਆਜਾਬ ਬਣ ਗਈਆਂ ਹਨ। ਲੱਖਾਂ ਲੋਕ ਇਸ ਵਾਰ ਹੜ੍ਹਾਂ ਨਾਲ ਪ੍ਰਭਾਵਿਤ ਹੋਏ, ਲੱਖਾਂ ਲੋਕਾਂ ਦੇ ਕਾਰੋਬਾਰ ਜ਼ਮੀਨਾਂ, ਘਰ-ਬਾਰ ਤਬਾਹ ਹੋ ਗਏ। ਪੰਜਾਬ ਇੱਕ ਛੋਟੇ ਜਿਹੇ ਖੇਤਰਫਲ ਵਾਲਾ ਪ੍ਰਦੇਸ਼ ਹੈ, ਇੱਥੇ ਸਥਿਤੀ ਦੀ ਭਿਆਨਕਤਾ ਦੇਖੋ, ਇਸ ਦੇ ਅੱਠ ਜ਼ਿਲ੍ਹੇ ਜਿੱਥੇ ਬੁਰੀ ਤਰਾਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ, ਲੋਕ ਹੜ੍ਹ ਦੇ ਪਾਣੀ ਦੇ ਸੰਕਟ ਨਾਲ ਤਰਾਹ-ਤਰਾਹ ਕਰ ਰਹੇ ਹਨ, ਉੱਥੇ ਇਸ ਸਥਿਤੀ ਦਾ ਦੂਜਾ ਪਾਸਾ ਵੀ ਹੈ, ਉਹ ਇਹ ਕਿ ਇਸੇ ਪ੍ਰਦੇਸ਼ ਦੇ ਕੁਝ ਅਜਿਹੇ ਇਲਾਕੇ ਹਨ, ਜਿੱਥੇ ਇਸ ਸਾਲ ਮੀਂਹ ਬਹੁਤ ਘੱਟ ਪਏ ਅਤੇ ਔੜ ਵਰਗੀ ਸਥਿਤੀ ਬਣ ਗਈ। ਸਾਨੂੰ ਇਸ ਦੌਰ ਦੇ ਭਿਆਨਕ ਸੰਕਟ ਨੂੰ ਸਮਝਣਾ ਚਾਹੀਦਾ ਹੈ।

ਅਜੋਕੇ ਦੌਰ ਦੇ ਆਧੁਨਿ

27-SEP-PAGE-5.qxd 9/26/2023 9:43 PM Page 1

ਬਨੇਗਾ ਵਲੰਟੀਅਰ ਸੰਮੇਲਨ ਤੇ ਮਾਰਚ 'ਚ ਵੱਡੀ ਗਿਣਤੀ 'ਚ ਨੌਜਵਾਨ ਜਲੰਧਰ ਪੁੱਜਣਗੇ : ਢਾਬਾਂ, ਧਰਮੂਵਾਲਾ, ਛਾਂਗਾਰਾਏ

ਜਲਾਲਾਬਾਦ ਵਿਖੇ ਦੋਆਬ ਅਕੈਡਮੀ 'ਚ ਏ ਆਈ ਐੱਸ ਐੱਫ ਦਾ ਯੂਨਿਟ ਸਥਾਪਤ, ਪ੍ਰਧਾਨ ਤੇ ਸਕੱਤਰ ਚੁਣੇ

ਜਲਾਲਾਬਾਦ (ਰਣਬੀਰ ਕੌਰ ਢਾਬਾਂ)

ਸਰਬ ਭਾਰਤ ਨੌਜਵਾਨ ਸਭਾ (ਏ ਆਈ ਵਾਈ ਐੱਫ) ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਵੱਲੋਂ 28 ਸਤੰਬਰ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਮਨਾਉਣ ਲਈ ਇਸ ਦਿਨ 'ਤੇ ਬਨੇਗਾ (ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ) ਦੀ ਪ੍ਰਾਪਤੀ ਲਈ ਬਨੇਗਾ ਵਲੰਟੀਅਰ ਸੰਮੇਲਨ ਤੇ ਮਾਰਚ ਕੀਤਾ ਜਾ ਰਿਹਾ ਹੈ। ਇਸ ਮਾਰਚ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਤੇ ਨੌਜਵਾਨ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਹਿੱਸਾ ਲੈਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਢਾਬਾਂ, ਸੂਬਾ ਸਕੱਤਰ ਚਰਨਜੀਤ ਛਾਂਗਾਰਾਏ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ ਨੇ ਦੱਸਿਆ ਕਿ ਪੰਜਾਬ 'ਚ ਚਲਾਈ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਮੌਕੇ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹਜ਼ਾਰਾਂ ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੀ ਫੋਟੋ ਤੇ ਬਨੇਗਾ ਵਾਲੀ ਟੀ ਸ਼ਰਟ ਪਹਿਨ ਕੇ ਗਦਰੀ ਬਾਬਿਆਂ ਦੇ ਵਿਹੜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਵਿਸ਼ਾਲ ਵਲੰਟੀਅਰ ਸੰਮੇਲਨ ਉਪਰੰਤ ਜਲੰਧਰ ਦੇ ਬਾਜ਼ਾਰਾਂ ਵਿੱਚ ਵਲੰਟੀਅਰ ਮਾਰਚ ਕੀਤਾ ਜਾਵੇਗਾ, ਜਿਸ ਦੀਆਂ ਪੰਜਾਬ ਭਰ ਵਿੱਚ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਵਿਦਿਆਰਥੀਆਂ ਤੇ ਨੌਜਵਾਨਾਂ ਦੇ ਆਗੂਆਂ ਨੇ ਦੱਸਿਆ ਕਿ ਦੇਸ਼ ਵਿੱਚ 40 ਕਰੋੜ ਬੇਰੁਜ਼ਗਾਰ ਹਨ, ਜਿਨ੍ਹਾਂ ਲਈ ਹੁਣ ਤੱਕ ਬਣੀਆਂ ਸਰਕਾਰਾਂ ਨੇ ਨਾ ਤਾਂ ਰੁਜ਼ਗਾਰ ਮੁਖੀ ਕੋਈ ਨੀਤੀ ਬਣਾਈ ਹੈ ਅਤੇ ਨਾ ਸਰਕਾਰਾਂ ਦੀ ਨੀਅਤ ਹੈ।

ਆਗੂਆਂ ਨੇ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਬੇਰੁਜਗਾਰ ਨੌਜਵਾਨਾਂ ਦੀਆਂ ਨੌਕਰੀਆਂ ਲਈ ਹਰਾ ਪੈੱਨ ਚਲਾਉਣ ਦੀਆਂ ਡੀਂਗਾਂ ਮਾਰਨ ਵਾਲੇ ਮੁੱਖ ਮੰਤਰੀ ਨੇ ਪਿਛਲੇ ਦਿਨੀਂ ਪੰਜਾਬ ਵਿੱਚ 8 ਘੰਟੇ ਤੋਂ ਵਧਾ ਕੇ 12 ਘੰਟੇ ਕੰਮ ਦਿਹਾੜੀ ਵਾਲਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਅਨੁਸਾਰ ਫੈਕਟਰੀਆਂ ਵਿੱਚ ਹੁਣ ਕਾਮਿਆਂ ਤੋਂ 8 ਘੰਟੇ ਦੀ ਬਜਾਏ 12 ਘੰਟੇ ਕੰਮ ਲਿਆ ਜਾਇਆ ਕਰੇਗਾ। ਆਗੂਆਂ ਨੇ ਇਸ ਨੋਟੀਫਿਕੇਸ਼ਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਬੇਰੁਜ਼ਗਾਰਾਂ ਨੂੰ ਨਵਾਂ ਰੁਜ਼ਗਾਰ ਦੇਣ ਦੀ ਬਜਾਏ ਕੰਮ 'ਤੇ ਲੱਗਿਆਂ ਤੋਂ ਰੁਜ਼ਗਾਰ ਖੋਹਣ ਦੀ ਨੀਤੀ ਹੈ। ਰੁਜ਼ਗਾਰ ਪ੍ਰਾਪਤੀ ਮੁਹਿੰਮ ਤਾਂ ਪਿਛਲੇ ਲੰਬੇ ਸਮੇਂ ਤੋਂ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕੰਮ ਦਿਹਾੜੀ ਦੀ ਸੀਮਾ 8 ਤੋਂ ਘਟਾ ਕੇ 6 ਘੰਟੇ ਹੋਵੇ, ਲਈ ਲਾਮਬੰਦੀ ਕਰ ਰਹੀ ਹੈ। ਆਗੂਆਂ ਨੇ ਪੰਜਾਬ ਦੀ ਬੇਰੁਜ਼ਗਾਰ ਜਵਾਨੀ, ਵਿਦਿਆਰਥੀਆਂ, ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਵੱਖ ਵੱਖ ਯੂਨੀਅਨਾਂ, ਫਰੰਟਾਂ, ਸਮਾਜ ਸੇਵੀ ਸੰਸਥਾਵਾਂ ਤੇ ਬੁੱਧੀਜੀਵੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ 28 ਸਤੰਬਰ ਨੂੰ ਜਲੰਧਰ 'ਚ ਰੁਜ਼ਗਾਰ ਗਰੰਟੀ ਪ੍ਰਾਪਤੀ ਲਈ ਕੀਤੇ ਜਾ ਰਹੇ ਬਨੇਗਾ ਵਲੰਟੀਅਰ ਸੰਮੇਲਨ ਤੇ ਮਾਰਚ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਤਾਂ ਕਿ ਰੁਜ਼ਗਾਰ ਪ੍ਰਾਪਤੀ ਲਈ ਇਕੱਲੇ ਇਕੱਲੇ ਸੰਘਰਸ਼ ਕਰਨ ਦੀ ਬਜਾਏ ਸਾਂਝਾ ਮੰਚ ਬਣਾ ਕੇ ਇੱਕਜੁੱਟ ਹੋ ਕੇ ਲੜਿਆ ਜਾਵੇ ਅਤੇ ਜਿੱਤ ਪ੍ਰਾਪਤ ਕੀਤੀ ਜਾ ਸਕੇ। ਇਸ ਮੌਕੇ ਦੁਆਬ ਅਕੈਡਮੀ ਵਿਖੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਯੂਨਿਟ ਸਥਾਪਤ ਕੀਤਾ ਗਿਆ, ਜਿਸ ਵਿੱਚ ਸਰਵਸੰਮਤੀ ਨਾਲ ਪਵਨ ਸਿੰਘ ਨੂੰ ਅਕੈਡਮੀ ਦਾ ਪ੍ਰਧਾਨ, ਕੋਮਲ ਸਿੰਘ ਸਕੱਤਰ, ਕ੍ਰਮਵਾਰ ਪੂਜਾ ਰਾਣੀ, ਕੋਮਲ ਮੀਤ ਪ੍ਰਧਾਨ, ਇਸੇ ਤਰ੍ਹਾਂ ਕ੍ਰਮਵਾਰ ਸੁਰਿੰਦਰ ਸਿੰਘ, ਹਰਜਿੰਦਰ ਸਿੰਘ ਮੀਤ ਸਕੱਤਰ ਤੇ ਜੋਗਾ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ। ਅਕੈਡਮੀ ਦੇ ਸੰਚਾਲਕ ਸਵਰਣ ਸਿੰਘ ਵੱਲੋਂ ਆਏ ਹੋਏ ਆਗੂਆਂ ਦਾ ਧੰਨਵਾਦ ਕੀਤਾ ਗਿਆ।

ਡੇਢ ਸਾਲਾ ਮਾਸੂਮ ਦੀ ਸਕੂਲ ਬੱਸ ਹੇਠਾਂ ਆਉਣ ਕਾਰਨ ਮੌਤ

ਵੱਡੇ ਭਰਾ ਨੂੰ ਲੈਣ ਲਈ ਮਾਂ ਨਾਲ ਆਇਆ ਸੀ ਘਰੋਂ ਬਾਹਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਪਵਾਤ ਵਿਖੇ ਮੰਗਲਵਾਰ ਦੁਪਹਿਰ ਬਾਅਦ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ ਡੇਢ ਸਾਲਾ ਮਾਸੂਮ ਬੱਚੇ ਮਨਜੋਤ ਸਿੰਘ ਦੀ ਸਕੂਲ ਬੱਸ ਹੇਠਾਂ ਆਉਣ ਕਾਰਨ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਮ੍ਰਿਤਕ ਬੱਚੇ ਦਾ ਵੱਡਾ ਭਰਾ ਮਾਛੀਵਾੜਾ ਨੇੜਲੇ ਇੱਕ ਪਿੰਡ 'ਚ ਸਥਿਤ ਸਕੂਲ ਵਿੱਚ ਨਰਸਰੀ ਦਾ ਵਿਦਿਆਰਥੀ ਸੀ, ਜਿਸ ਨੂੰ ਸਕੂਲ ਬੱਸ ਉਸ ਨੂੰ ਛੁੱਟੀ ਉਪਰੰਤ ਪਿੰਡ ਪਵਾਤ ਵਿਖੇ ਘਰ ਨੇੜੇ ਛੱਡਣ ਆਈ ਸੀ। ਸਕੂਲ ਬੱਸ ਜਦੋਂ ਪਿੰਡ ਪਵਾਤ ਵਿਦਿਆਰਥੀ ਦੇ ਘਰ ਨੇੜੇ ਪੁੱਜੀ ਤਾਂ ਉਸ ਦੀ ਮਾਤਾ ਉਸ ਨੂੰ ਲੈਣ ਲਈ ਘਰ ਦੇ ਬਾਹਰ ਆਈ, ਜਿਸ ਨਾਲ ਛੋਟਾ ਬੱਚਾ ਮਨਜੋਤ ਵੀ ਬਾਹਰ ਬੱਸ ਕੋਲ ਆ ਗਿਆ। ਮਾਤਾ ਵੱਲੋਂ ਸਕੂਲ ਬੱਸ 'ਚੋਂ ਵੱਡੇ ਲੜਕੇ ਨੂੰ ਉਤਾਰ ਲਿਆ ਗਿਆ ਅਤੇ ਜਦੋਂ ਬੱਸ ਤੁਰਨ ਲੱਗੀ ਤਾਂ ਪਿਛਲੇ ਟਾਇਰ ਨੇੜੇ ਖੜਾ ਉਸ ਦਾ ਛੋਟਾ ਲੜਕਾ ਮਨਜੋਤ ਹੇਠਾਂ ਆ ਗਿਆ। ਬੱਸ ਦਾ ਟਾਇਰ ਬੱਚੇ ਮਨਜੋਤ ਸਿੰਘ ਦੇ ਸਿਰ ਉੱਪਰੋਂ ਗੁਜ਼ਰ ਗਿਆ ਅਤੇ ਮੌਕੇ 'ਤੇ ਚੀਕ-ਚਿਹਾੜਾ ਪੈ ਗਿਆ। ਪਰਿਵਾਰਕ ਮੈਂਬਰਾਂ ਵੱਲੋਂ ਤੁਰੰਤ ਉਸ ਨੂੰ ਸਰਕਾਰੀ ਹਸਪਤਾਲ ਸਮਰਾਲਾ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਬੱਚੇ ਦਾ ਪਿਤਾ ਦੁਬਈ ਵਿਖੇ ਕੰਮ ਕਰਦਾ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਇਹ ਹਾਦਸਾ ਸਕੂਲ ਬੱਸ ਡਰਾਇਵਰ ਦੀ ਲਾਪ੍ਰਵਾਹੀ ਕਾਰਨ ਹੋਇਆ ਹੈ, ਕਿਉਂਕਿ ਉਸ ਨੇ ਬੱਚਾ ਉਤਾਰਨ ਤੋਂ ਬਾਅਦ ਆਸ-ਪਾਸ ਨਹੀਂ ਦੇਖਿਆ, ਜਿਸ ਕਾਰਨ ਹਾਦਸਾ ਵਾਪਰ ਗਿਆ। ਪੁਲਸ ਵੱਲੋਂ ਬੱਚੇ ਦੀ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਹੈ ਅਤੇ ਸਕੂਲ ਬੱਸ ਨੂੰ ਵੀ ਕਾਬੂ ਕਰ ਲਿਆ ਹੈ। ਡੇਢ ਸਾਲਾ ਮਾਸੂਮ ਮਨਜੋਤ ਸਿੰਘ ਦੀ ਮੌਤ ਨਾਲ ਇਲਾਕੇ ਤੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ।

ਮਾਨਸਾ-ਪਟਿਆਲਾ ਮੁੱਖ ਸੜਕ ਖਿਆਲਾ ਕਲਾਂ ਦੇ ਗੰਦੇ ਪਾਣੀ 'ਚ ਡੁੱਬੀ

- ਹਸਪਤਾਲ ਤੇ ਸਰਕਾਰੀ ਸਕੂਲ ਵੀ ਘੇਰੇ 'ਚ
- ਬਿੱਲ ਨਾ ਭਰਨ ਕਰਕੇ ਬਿਜਲੀ ਕੁਨੈਕਸ਼ਨ ਕੱਟਿਆ, ਲਿਫਟ ਪੰਪ ਬੰਦ

ਮਾਨਸਾ (ਆਤਮਾ ਸਿੰਘ ਪਮਾਰ)-ਪਿੰਡ ਖਿਆਲਾ ਕਲਾਂ ਦੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਪਾਣੀ ਮਾਨਸਾ-ਪਟਿਆਲਾ ਮੁੱਖ ਸੜਕ 'ਤੇ ਆ ਗਿਆ ਹੈ। ਜ਼ਿਕਰਯੋਗ ਹੈ ਇਸ ਗੰਦੇ ਪਾਣੀ ਦੀ ਨਕਾਸੀ ਲਈ ਪੰਚਾਇਤੀ ਵਿਭਾਗ ਨੇ ਮੋਟਰ ਵਾਲਾ ਲਿਫਟ ਪੰਪ ਲਗਾਇਆ ਹੋਇਆ ਹੈ, ਪਰ ਪਿੰਡ ਖਿਆਲਾ ਕਲਾਂ ਦੀ ਪੰਚਾਇਤ ਵੱਲੋਂ ਪਿਛਲੇ ਕਈ ਸਾਲਾਂ ਤੋਂ 483000 ਰੁਪੈ ਬਿਲ ਨਾ ਭਰਨ ਕਰਕੇ ਬਿਜਲੀ ਵਿਭਾਗ ਨੇ ਅੱਕ ਕੇ ਕੁਨੈਕਸ਼ਨ ਹੀ ਕੱਟ ਦਿੱਤਾ। ਇਸ ਗੰਦੇ ਪਾਣੀ ਨੇ ਸਰਕਾਰੀ ਸਮਾਰਟ ਸਕੂਲ ਲੜਕੀਆਂ ਤੋਂ ਲੈ ਕੇ ਸਰਕਾਰੀ ਹਸਪਤਾਲ, ਮੈਡੀਕਲ ਸਟੋਰ ਤੇ ਪੈਟਰੋਲ ਪੰਪ ਤੱਕ ਸੜਕ ਨੂੰ ਡਬੋ ਦਿੱਤਾ ਹੈ। ਸੜਕ ਦੇ ਉੱਤਰੀ ਪਾਸੇ ਅੱਧ ਤੱਕ ਪਾਣੀ ਆ ਜਾਣ ਕਾਰਨ ਤੇਜ਼ ਰਫਤਾਰ ਵਾਹਨਾਂ ਨੂੰ ਬਰੇਕ ਲੱਗ ਗਈ ਹੈ। ਗੰਦੇ ਪਾਣੀ ਨੇ ਪਿੰਡ ਮਲਕਪੁਰ ਦਾ ਮੁੱਖ ਰਸਤਾ ਬੰਦ ਕਰ ਦਿੱਤਾ ਹੈ, ਜਿਸ ਕਰਕੇ ਪਿੰਡ ਵਾਸੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰੀ ਸਮਾਰਟ ਸਕੂਲ ਲੜਕੀਆਂ ਤੇ ਮਾਤਾ ਕੁਸ਼ੱਲਿਆ ਹੋਸਟਲ ਵਿਖੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਚਿੱਕੜ ਦੇ ਨਾਲ ਨਾਲ ਬਦਬੂ ਕਾਰਨ ਵੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 72 ਪਿੰਡਾਂ ਦੇ ਸਰਕਾਰੀ ਹਸਪਤਾਲ ਦੀ ਹਾਲਤ ਵੀ ਬਿਮਾਰਾਂ ਵਰਗੀ ਹੋਈ ਪਈ ਹੈ। ਲੋਕਾਂ ਨੂੰ ਮੌਸਮੀ ਬਿਮਾਰੀਆਂ ਦੇ ਬਚਾਅ ਲਈ ਗੰਦੇ ਪਾਣੀ ਤੋਂ ਬਚਾਅ ਦੀਆਂ ਸਲਾਹਾਂ ਦੇਣ ਵਾਲਾ ਹਸਪਤਾਲ ਖੁਦ ਗੰਦੇ ਪਾਣੀ ਦੇ ਘੇਰੇ ਵਿੱਚ ਹੈ। ਜਦੋਂ ਇਸ ਗੰਦੇ ਪਾਣੀ ਸਬੰਧੀ ਪਿੰਡ ਮਲਕਪੁਰ ਤੇ ਖਿਆਲਾ ਕਲਾਂ ਦੇ ਲੋਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਪਿੰਡ ਦੀ ਗੂੰਗੀ ਪੰਚਾਇਤ ਤੇ ਬੋਲੇ ਪ੍ਰਸ਼ਾਸਨ ਅੱਗੇ ਸੈਂਕੜੇ ਬੇਨਤੀਆਂ ਕਰ ਲਈਆਂ ਹਨ, ਪਰ ਲਾਰਿਆਂ ਤੋਂ ਸਿਵਾਏ ਕੱਖ ਪੱਲੇ ਨਹੀਂ ਪਿਆ। ਮਿਸਰਾ ਸਿੰਘ, ਜੱਸਾ ਸਿੰਘ ਤੇ ਪ੍ਰੀਤਮ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਦੇ ਅਫਸਰਾਂ ਨੇ ਵੀ ਅੱਖਾਂ ਮੀਟ ਲਈਆਂ ਹਨ, ਜਿਨ੍ਹਾਂ ਨੂੰ ਪਿਛਲੇ ਚਾਰ ਮਹੀਨੇ ਤੋਂ ਸੜਕ 'ਤੇ ਕਈ ਕਿਲੋਮੀਟਰ ਤੱਕ ਫਿਰਦਾ ਗੰਦਾ ਪਾਣੀ ਨਹੀਂ ਦਿਸਦਾ, ਜਦੋਂਕਿ ਸਾਰੇ ਅਧਿਕਾਰੀ ਚੰਡੀਗੜ੍ਹ ਜਾਣ ਵਕਤ ਇੱਥੋਂ ਹੀ ਲੰਘਦੇ ਹਨ। ਭੋਲਾ ਸਿੰਘ, ਜਸਵਿੰਦਰ ਸਿੰਘ ਤੇ ਗੁਰਦੇਵ ਸਿੰਘ ਨੇ ਕਿਹਾ ਜ਼ਿਲ੍ਹੇ ਦੇ ਦੋ ਐੱਮ ਐੱਲ ਏ ਵੀ ਹਰ ਹਫਤੇ ਇਸੇ ਸੜਕ ਤੋਂ ਲੋਕਾਂ 'ਤੇ ਛਿੱਟੇ ਪਾ ਕੇ ਲੰਘਦੇ ਹਨ, ਪਰ ਮਸਲਾ ਹੱਲ ਨਹੀਂ ਕਰਦੇ। ਪਿੰਡ ਵਾਸੀਆਂ ਨਵੇਂ ਆਏ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਤੁਸੀਂ ਹੀ ਸਾਡਾ ਦੁੱਖ ਸੁਣ ਲਓ। ਜਦੋਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਸੀਂ ਕਈ ਸਾਲਾਂ ਤੋਂ ਪਿੰਡ ਦੀ ਸਰਪੰਚ ਨੂੰ ਬਿਲ ਭਰਨ ਦੀਆਂ ਬੇਨਤੀਆਂ ਕਰਦੇ ਆ ਰਹੇ ਹਾਂ, ਪ੍ਰੰਤੂ ਬਿਲ ਨਹੀਂ ਭਰਿਆ ਗਿਆ, ਜਿਸ ਕਾਰਨ ਨਿਯਮਾਂ ਮੁਤਾਬਿਕ ਮਜਬੂਰ ਹੋ ਕੇ ਸਾਨੂੰ ਬਿਜਲੀ ਕੁਨੈਕਸ਼ਨ ਹੀ ਕੱਟਣਾ ਪਿਆ ਹੈ।

ਕਾਤਰਾਂ

ਟਰੈਕਟਰ ਟੋਚਨ ਮੁਕਾਬਲਾ 2 ਨੂੰ

ਚੀਮਾ ਮੰਡੀ (ਰਵਿੰਦਰ ਚੀਮਾ)-ਸਵਰਗਵਾਸੀ ਲਖਬੀਰ ਸਿੰਘ ਲੱਖਾ ਪ੍ਰਧਾਨ ਤੇ ਸੁਖਬੀਰ ਸਿੰਘ ਸਿੱਧੂ ਦੀ ਯਾਦ ਨੂੰ ਸਮਰਪਤ ਦੂਸਰਾ ਟਰੈਕਟਰ ਟੋਚਨ ਮੁਕਾਬਲਾ ਅਨਾਜ ਮੰਡੀ ਵਿਖੇ 2 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਆਪ' ਦੇ ਸੀਨੀਅਰ ਵਰਕਰ ਕੁਲਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਹਿਲਾ ਇਨਾਮ 31000, ਦੂਸਰਾ ਇਨਾਮ 21000, ਤੀਸਰਾ ਇਨਾਮ 11000 ਤੇ ਚੌਥਾ ਇਨਾਮ 5100 ਦਿੱਤਾ ਜਾਵੇਗਾ। ਇਸ ਮੌਕੇ ਦਰਸ਼ਨ ਸਿੰਘ ਗੀਤੀਮਾਨ ਚੇਅਰਮੈਨ ਮਾਰਕੀਟ ਕਮੇਟੀ ਚੀਮਾ ਨੇ ਦੱਸਿਆ ਕਿ ਇਸ ਮੁਕਾਬਲੇ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਪਹੁੰਚ ਕੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਪੁਲਸ ਵੱਲੋਂ ਮੰਡੀ ਗੋਬਿੰਦਗੜ੍ਹ ਤੇ ਅਮਲੋਹ 'ਚ ਫਲੈਗ ਮਾਰਚ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਮੰਡੀ ਗੋਬਿੰਦਗੜ੍ਹ ਤੇ ਅਮਲੋਹ ਪੁਲਸ ਵੱਲੋਂ ਡੀ ਐੱਸ ਪੀ ਹਰਪਿੰਦਰ ਕੌਰ ਗਿੱਲ ਦੀ ਅਗਵਾਈ ਹੇਠ ਅਤੇ ਮੰਡੀ ਗੋਬਿੰਦਗੜ੍ਹ ਤੇ ਅਮਲੋਹ ਵਿਖੇ ਫਲੈਗ ਮਾਰਚ ਕੱਢਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀ ਐੱਸ ਪੀ ਹਰਪਿੰਦਰ ਕੌਰ ਨੇ ਦੱਸਿਆ ਕਿ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਤੇ ਲੋਕਾਂ ਦੇ ਮਨਾਂ ਵਿੱਚੋਂ ਦਹਿਸ਼ਤ ਖਤਮ ਕਰਨ ਲਈ ਇਹ ਫਲੈਗ ਮਾਰਚ ਕੱਢਿਆ ਗਿਆ ਹੈ। ਡੀ ਐੱਸ ਪੀ ਨੇ ਦੱਸਿਆ ਕਿ ਜ਼ਿਲ੍ਹਾ ਮੁਖੀ ਡਾਕਟਰ ਰਵਜੋਤ ਕੌਰ ਗਰੇਵਾਲ ਦੇ ਨਿਰਦੇਸ਼ 'ਤੇ ਪੂਰੇ ਜ਼ਿਲ੍ਹੇ ਅੰਦਰ ਇਸ ਤਰ੍ਹਾਂ ਦੇ ਫਲੈਗ ਮਾਰਚ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੁਲਸ ਨੂੰ ਹਮੇਸ਼ਾ ਸੱਚੀ ਇਤਲਾਹ ਦਿਓ। ਇਸ ਮੌਕੇ ਮੰਡੀ ਗੋਬਿੰਦਗੜ੍ਹ ਦੇ ਥਾਣਾ ਮੁਖੀ ਆਕਾਸ਼ ਦੱਤ, ਥਾਣਾ ਅਮਲੋਹ ਦੇ ਮੁਖੀ ਰਣਦੀਪ ਸ਼ਰਮਾ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪੁਲਸ ਕਰਮਚਾਰੀ ਮੌਜੂਦ ਸਨ।

ਅੱਜ ਬਿਜਲੀ ਬੰਦ ਰਹੇਗੀ

ਜਗਰਾਓਂ (ਅਮਿਤ ਖੰਨਾ)-ਪਾਵਰਕਾਮ ਵਿਭਾਗ ਦੇ ਐੱਸ ਡੀ ਓ ਗੁਰਪ੍ਰੀਤ ਸਿੰਘ ਕੰਗ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਾਵਰਕਾਮ ਵਿਭਾਗ ਵੱਲੋਂ 11 ਕੇ ਵੀ ਫੀਡਰ ਸਿਟੀ 9 (220 ਕੇ.ਵੀ. ਐੱਸ/ਐੱਸ) ਵਿਖੇ ਜ਼ਰੂਰੀ ਮੁਰੰਮਤ ਕੀਤੇ ਜਾਣ ਕਾਰਨ 27 ਸਤੰਬਰ ਨੂੰ ਲਾਲਾ ਲਾਜਪਤ ਰਾਏ ਰੋਡ, ਲਿੰਕ ਰੋਡ, ਵਿਜੇ ਨਗਰ, ਧੰਮਣ ਮੁਹੱਲਾ, ਪਟੇਲ ਨਗਰ, ਨਹਿਰੂ ਮਾਰਕੀਟ, ਰਾਮ ਨਗਰ ਮੁਹੱਲਾ ਤੇ ਪੁਰਾਣੀ ਦਾਣਾ ਮੰਡੀ ਦੇ ਨਾਲ ਲੱਗਦੇ ਇਲਾਕਿਆਂ ਦੀ ਬਿਜਲੀ ਬੁੱਧਵਾਰ ਦੀ ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ।

ਐੱਸ ਡੀ ਐੱਮ ਵੱਲੋਂ ਪਟਵਾਰਖਾਨੇ ਦੀ ਚੈਕਿੰਗ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਪਟਵਾਰਖਾਨ

page-6-27-Sep-2023-(SM).qxd 9/26/2023 9:46 PM Page 1

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 13.10.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਟੈਂਡਰ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਕਰਨ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
21/09/2023	29/09/2023	13/10/2023 / 15:00 ਵਜੇ

ਨਿਵਿਦਾ ਨੰਬਰ	231-2023-24-PTK-DRM-FZR
ਨਿਵਿਦਾ ਦਾ ਵੇਰਵਾ	ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਤਹਿਤ ਪਠਾਨਕੋਟ ਸਿਟੀ ਰੇਲਵੇ ਸਟੇਸ਼ਨ ਉਤੇ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ 12.00 ਮੀਟਰ ਚੌੜੇ ਫੁਟ ਓਵਰ ਬ੍ਰਿਜ ਦਾ ਕੰਮ ਕਰਨ ਲਈ।

ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
3,09,38,416.81/-	3,04,700.00/-	60 ਦਿਨ	10 ਮਹੀਨੇ

ਸਮਾਨ ਨੇਚਰ ਦਾ ਕੰਮ: "ਕੋਈ ਵੀ ਸਿਵਿਲ ਸਬੰਧਿਤ ਸਿਵਿਲ ਕੰਮ (ਟ੍ਰੈਕ ਦੇ ਇਲਾਵਾ)।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ. : 231-2023-24-PTK-DRM-FZR

ਤਾਰੀਕ: 25.09.2023 2978/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ. 230-2023-24-ADEN-II/ASR Date: 25.09.2023 ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 17.10.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
25.09.2023	03.10.2023	17.10.2023 / 15:00 ਵਜੇ

ਲੜੀ ਨੰਬਰ: 1 | ਨਿਵਿਦਾ ਸੰਖਿਆ: : 230-2023-24-ADEN-II-ASR

ਨਿਵਿਦਾ ਦਾ ਵੇਰਵਾ : ਸਹਾਇਕ ਮੰਡਲ ਇੰਜੀਨੀਅਰ ਸੈਕਿੰਡ/ ਅੰਮ੍ਰਿਤਸਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇਂ/ਪਟੀ ਦੇ ਸੇਕਸ਼ਨ ਵਿਚ ਟ੍ਰੈਕ ਮੁਰੰਮਤ ਨਾਲ ਜੁੜੇ ਵਿਭਿੰਨ ਪ੍ਰਕਾਰ ਦੇ ਕੰਮ ਕਰਨ ਲਈ।

ਵਿਗਿਆਪਨ ਮੁਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
55,00,090.88 / —	1,10,000.00 / —	60 ਦਿਨ	09 ਮਹੀਨੇ

ਸਮਾਨ ਨੇਚਰ ਦਾ ਕੰਮ:- ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਚੁਕਣ ਦੀ ਜਾਂਚ/ਛਨਾਈ, ਡਿਸਟ੍ਰੇਸਿੰਗ, ਟ੍ਰੈਕ ਮੇਂਟੇਨੇਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 2991/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD 03-013275-2019
Peshi : 30-10-2023
Publication Notice for Proclamation Under Section 82 CR.PC
Axis Bank Ltd. Vs. Jasdeep Singh
Petition U/S 138 of Negotiable Instruments Act, 1881 Amended Upto Date Notice to :
Jasdeep Singh H.No. L 13/457 Bahadur Nagar Sultanwind Road Amritsar Punjab 143001 India, 2nd Address –bestseller Wholesale India Pvt. Ltd. Ground Floor Lifestyle Store Vero Moda A Wing Trillium Mall Amritsar Punjab 143001 India.
Whereas it has been proved to the satisfaction of the court that the above named can not be served in the ordinary way of service. Hence this proclamation under section 82 CRPC is hereby issued against him/them and should appear personally or through their counsel on 30-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given Under my hand and the seal of the Court.
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

Court Notice

(U/o 5 Rule 20 CPC)
In the Court of
Sh. Bagicha Singh
Civil Judge (Senior Division), Tarn Taran.
Next Date, Purpose of case, Ordered and Judgments as well as other case information is available on http://districts.ecourts.gov.in
CNR No. PBTT02-002182-2023 Next Date : 26-10-2023
Balbir Singh S/o Makhan Singh R/o Bakshi Bagh Ward No. 14, Tarn Taran.
Vs.
General Public
Publication Issued to :
General Public : Tarn Taran
In above titled case, the defendant(s)/respondent(s) could not be served. It is ordered that defendant(s)/respondent(s)should appear in person or through counsel on 26-10-2023 at 10.00 a.m.
For details logon to https://highcourtchd.gov.in./?trs=district_notice&district=tarn taran.
Civil Judge (Senior Division) Tarn taran
Dated, this day of 25-09-2023

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD 030365922-2019
Peshi : 19-10-2023
Publication Notice for Proclamation Under Section 82 CR.PC
Axis Bank Ltd. Vs. Gurjant Singh
Petition U/S 138 of Negotiable Instruments Act, 1881 Amended Upto Date Notice to :
Gurjant Singh S/o Lachman Singh R/o Village Hardielana P.O Rajowala District Faridkot, Punjab.
Whereas it has been proved to the satisfaction of the court that the accused above named can not be served in the ordinary way of service. Hence this proclamation under section 82 of CRPC is hereby issued against him/them and should appear personally or through their counsel on 19-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given Under my hand and the seal of the Court.
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD 03-013271-2019
Peshi : 30-10-2023
Publication Notice for Proclamation Under Section 82 CR.PC
Axis Bank Ltd. Vs. Bajinder Ram
Petition U/S 138 of Negotiable Instruments Act, 1881 Amended Upto Date Notice to :
Bajinder Ram H.No. 475 A Loco Shed Colony Ferozepur Cantt Ferozepur Punjab, 2nd Address – Northern Railway Department of Senior Section Engineer Loco Lobby Northern Railway Ferozepur 152001 Punjab 152021 India.
Whereas it has been proved to the satisfaction of the court that the accused above named can not be served in the ordinary way of service. Hence this proclamation under section 82 CRPC is hereby issued against him/them and should appear personally or through their counsel on 30-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given Under my hand and the seal of the Court.
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

COURT NOTICE

(U/o 5 Rule CPC)
In the Court of
Ekta Sahota,
Additional Civil Judge (Senior Division), Nakodar
CNR No. PBJLA0-000781-2022
Next Date : 10-11-2023
Purpose : Appearance
Sital Singh vs. Neelam
Publication Issued to ; Neelam W/o Surinderjit Singh S/o Amar Nath R/o Village Talwandi Madho, Tehsil Shahkot, Distt. Jalandhar.
In above titled case, the defendant(s)/respondent(s) could not be served. It is ordered that defendant(s)/respondent (s) should appear in poarson or through counsel on 10-11-2023 at 10.00 a.m.
For details logon to https://highcourtchd.gov.in/?trs-district_ notice & district=Jalandhar
Additional Civil Judge (Senior Division), Nakodar
Dated, this day of 20-09-2023

COURT NOTICE

In the Court of
Ms. Anuradha,
Sub Divisional Judicial Magistrate, Nabha
CNR No. PBPT1-00893-2016
Next Date : 30-10-2023
Com1/35/2016
Pooja Walia vs. Gunvir Singh
U/S 82 CRPC
Publication Issued to : 1. Gunvir Singh S/o Mohinder Singh, 2. Deepinder Singh S/o Mohinder Singh, 3. Preet W/o Deepinder Singh All R/o Sandhu Real Estate House No. 537 Phase 3-A, Sector-53 SAS Nagar Mohali.
In above titled case, the defendant(s)/respondent(s) could not be served. It is ordered that defendant(s)/respondent(s) should appear in porson or through counsel on 30-10-2023 at 10.00 a.m.
For details logon to https://highcourtchd.gov.in/?trs-district_ notice & district=Patiala
Sub Divisional Judicial Magistrate, Nabha.
Dated, this day of 25-09-2023

ਈ-ਨਿਲਾਮੀ ਨੋਟਿਸ

(ਖਰਾਬ ਐੱਮ ਐੱਸ ਕਬਾੜ, ਜੀ ਆਈ ਕਬਾੜ ਅਤੇ ਤਾਰ ਕਬਾੜ)

ਕਬਾੜ ਸ਼ੁਰੂਣੀ (1) ਖਰਾਬ ਐੱਮ ਐੱਸ ਕਬਾੜ ਕਰੀਬ 13,575 ਕਿਲੋਗ੍ਰਾਮ (2) ਖਰਾਬ ਜੀ ਆਈ ਕਬਾੜ ਕਰੀਬ 7300 ਕਿਲੋਗ੍ਰਾਮ ਅਤੇ (3) ਖਰਾਬ ਤਾਰ ਕਬਾੜ ਕਰੀਬ 510 ਕਿਲੋਗ੍ਰਾਮ ਦੇ ਨਿਪਟਾਰੇ ਲਈ ਚਾਹਵਾਨ ਖਰੀਦਦਾਰਾਂ ਕੋਲੋਂ ਈ-ਨਿਲਾਮੀ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ, ਜੋ ਕਿ ਮੈਸ: ਜੇ ਸੀ ਬੀ ਐੱਲ ਲਿਮਟਿਡ ਨਾਲ ਸੰਬੰਧਤ ਹੈ, ਉਪਰਲੀਆਂ ਸਮਗਰੀਆਂ ਦਾ ਨਿਰੀਖਣ ਕੁਮਾਰੀ ਉਰਵਸ਼ੀ 88512-81552 ਤੋਂ ਅਗਾਊਂ ਨਿਯੁਕਤੀ ਲੈ ਕੇ 03/10/23 ਤੋਂ 10-10-23 ਤੱਕ, ਪਿੰਡ ਆਲਮਗੀਰ, ਅੰਬਾਲਾ, ਚੰਡੀਗੜ੍ਹ ਹਾਈਵੇ, ਲਾਲਰੂ, ਜ਼ਿਲ੍ਹਾ ਪਟਿਆਲਾ ਵਿਖੇ ਕੀਤਾ ਜਾ ਸਕਦਾ ਹੈ। ਈ-ਨਿਲਾਮੀ ਫਾਰਮਾਂ ਵਾਸਤੇ ਕੁਮਾਰੀ ਖੁਸ਼ੀ ਮੋਬਾਇਲ 99908-57386, ਸਾਲਵਰ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀ ਕਰਤਾ) ਪਤਾ : 203, ਦੂਜੀ ਮੰਜ਼ਲ, ਊਸ਼ਾ ਕਿਰਨ ਬਿਲਡਿੰਗ, ਅਜ਼ਾਦਪੁਰ ਕਮਰਸ਼ੀਅਲ ਕੰਪਲੈਕਸ, ਦਿੱਲੀ-110033 'ਤੇ ਸੰਪਰਕ ਕੀਤਾ ਜਾਵੇ ਜਾਂ ਵੈੱਬਸਾਈਟ www.salvorsettlers.com. ਤੋਂ ਡਾਊਨਲੋਡ ਕੀਤਾ ਜਾਵੇ। ਈ-ਨਿਲਾਮੀ ਫਾਰਮ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ 11-10-23 ਦੁਪਹਿਰ 12-30 ਵਜੇ ਤੋਂ ਪਹਿਲਾਂ ਹੈ।

COURT NOTICE

(U/o 5 Rule 20 CPC)
In the Court of
Ms. Mamta Kakkar,
Additional Civil Judge (Senior Division), Phul
CNR No. PBBTB 0-000654-2023
Next Date : 15-11-2023
Paramjit Kaur vs. General Public
Publication Issued to : General Public : General Public
In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel on 15-11-2023 at 10.00 a.m.
For details logon to https://highcourtchd.gov.in./?mod=district_notice&district=Bathinda.
Additional Civil Judge (Senior Division), Phul
Dated, this day of 23-09-2023

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD 03-004486-2020 Peshi : 30-10-2023
Publication Notice for Proclamation Under Section 82 CR.PC
Axis Bank Ltd. Vs. GS Commission Agent
Petition U/S 138 of Negotiable Instruments Act, 1881 Amended Upto Date Notice to :
1. G.S Commission Agent Carrying on its Business at Shop No. 283, Dana Mandi Bhagtanwala, Amritsar Punjab-143006, Service through its Authorized Signatory Gurpreet Singh, 2nd Address –Village Khatrai Khurd, Amritsar, Punjab-143606, 2. Gurpreet Singh Authorized Signatory of G.S. Commission Agent Carrying on its Business at Shop No. 283, Dana Mandi Bhagtanwala, Amritsar.
Whereas it has been proved to the satisfaction of the court that the accused above named can not be served in the ordinary way of service. Hence this proclamation under sention 82 of CRPC is hereby issued against him/them and should appear personally or through their counsel on 30-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given under my hand and seal of the Court, this
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD 03-036599-2019
Peshi : 30-10-2023
Publication Notice for Proclamation Under Section 82 CR.PC
Axis Bank Ltd. Vs. Pushpinder Singh Gill
Petition U/S 138 of Negotiable Instruments Act, 1881 Amended Upto Date Notice to :
Pushpinder Singh Gill S/o Kuldeep Singh R/o VPO Karmuwala, Tehsil Ghall Khurd, Distt. Ferozepur, Punjab-142052
Whereas it has been proved to the satisfaction of the court that the accused above named can not be served in the ordinary way of service. Hence this proclamation under section 82 CRPC is hereby issued against him/them and should appear personally or through their counsel on 30-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given Under my hand and the Seal of the Court, this
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

CRIMINAL COURTS, LUDHIANA

In the Court of
Ms. Prabha Prashar
Judicial Magistrate-1st Class, Ludhiana.
CNR No. : PBLD03-000094-2019
Peshi : 31-10-2023
Publication Notice for Proclamation Under Section 82 CR. PC
Axis Bank Ltd Vs. Shivani Chopra
Petition U/S 138 of Negotiable Instruments Act, 1881 Amended Up to Date Notice to :
Shivani Chopra W/o Ish Chopra R/o H.No. 3079, Mohalla Rajputtan Nakodar, Jalandhar, Punjab-144040.
2nd Address-Kotak Mahindra Bank Limited, Ground Floor Amrik Chamber Nurmahal Road, Nakodar, Jalandhar, Punjab-144040.
Whereas it has been proved to the satisfaction of the court that the above named cannot be served in the ordinary way of service. Hence this proclamation under section 82 of CRPC is hereby issued against him/them and should appear personally or through their counsel on 31-10-2023 at 10.00 a.m.
Take notice that in default of his/their appearance on the day before mentioned the above said case will be heard and determined in his/their absence.
Given under my hand and seal of the Court, this
For details logon to https://highcourtchd.gov.in./?trs=district_notice&district=Ludhiana
Judicial Magistrate-1st Class, Ludhiana

Public Notice

I, Aman S/o Sh. Om Parkash R/o H. No. 24, Mohalla No. 6, Sadar Bazar, Jalandhar Cantt, declare that as per my Adhar Card, Driving License & Voter Card, my name is as Aman Prakash. Aman and Aman Prakash are the same person. Concerned note. (8545)

I, Amarpal W/o Narendra Pal Singh, H.No. E-9/10, Partap Nagar, Tower Town Colony, Jalandhar declare that in my passport number S5204047, my husband name written wrong i.e. Narinderpal Singh instead of Narendra Pal Singh. His Correct name is Narendra Pal Singh.

I, Yogesh Soni (ID2254-7162-1238) S/o Joginder Pal Soni R/o 432, Rasila Nagar, Basti Guzan, Jalandhar, Punjab, Sold 2.5 Marla Plot To Yashoda W/o Anil Kumar R/o WT-143, Basti. Sheikh Kot Mohalla, Jalandhar, Sale Deed No: 3757 Dt: 7/8/70, on 1/3/23 has lost innocently. I am responsible, If any false fact. Which done by Advocate Vikas Sood, Jalandhar : 9814094356. All Please Note.

ਆਮ ਸੂਚਨਾ

ਬਚਨਾ ਰਾਮ ਪੁੱਤਰ ਮੁਨਸ਼ੀ ਰਾਮ ਏ ਪੀ-15/898 ਮਕੋਰੜ ਸਾਹਿਬ ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਮੇਜਰ ਸਿੰਘ ਪੁੱਤਰ ਸਿੱਬਾ ਰਾਮ ਮਕੋਰੜ ਸਾਹਿਬ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾਂ ਵਿੱਚ ਕਰ ਸਕਦਾ ਹੈ। ਵੱਲੋਂ:-ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੁਨਕ

ਮੋਟਰ ਕਨੈਕਸ਼ਨ ਖਾਤਾ ਨੰਬਰ ਏ.ਪੀ 10/323 ਸੁਰਜੀਤ ਸਿੰਘ ਪੁੱਤਰ ਸੂਬਾ ਸਿੰਘ ਨੂੰ ਆਪਣੇ ਨਾਮ ਕਰਨ ਲਈ ਗੁਰਵਿੰਦਰਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਹਿੱਸੇਦਾਰ ਰਕਬਾ ਮੱਲਾਵਾਲਾ ਸ਼ਮਾਲੀ ਤਹਿ: ਜੀਰਾ ਨੇ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਵਾਲਾ ਨਾਲ ਸੰਪਰਕ ਕਰੇ ।

ਮੋਟਰ ਕਨੈਕਸ਼ਨ ਖਾਤਾ ਨੰਬਰ ਡੀ.ਐੱਸ ¯357 ਅਰੂੜ ਸਿੰਘ ਪੁੱਤਰ ਡੋਗਰ ਸਿੰਘ ਨੂੰ ਆਪਣੇ ਨਾਮ ਕਰਨ ਲਈ ਸੁਖਦੇਵ ਸਿੰਘ ਪੁੱਤਰ ਹਰਦੀਪ ਸਿੰਘ ਹਿੱਸੇਦਾਰ ਰਕਬਾ ਮੱਲਾਵਾਲਾ ਸ਼ਮਾਲੀ ਤਹਿ:ਜ਼ੀਰਾ ਨੇ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਵਾਲਾ ਨਾਲ ਸੰਪਰਕ ਕਰੇ ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 04/455 ਜੋਗਿੰਦਰ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਦਰਿਆ ਵਾਲਾ ਬਿੱਲਾ ਤੋਂ ਨਾਂਅ ਬਦਲੀ ਕਰਕੇ ਬਲਕਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਦਰਿਆ ਵਾਲਾ ਬਿੱਲਾ (ਜਲੰਧਰ) ਦੇ ਨਾਂਅ ਪਰ ਕਰਨਾ ਹੈ, ਕੋਈ ਵੀ ਇਤਰਾਜ਼ 30 ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਬੇਦਖਲੀ ਨੋਟਿਸ

ਮੈਂ, ਸਰਬਜੀਤ ਕੌਰ ਪਤਨੀ ਲੇਟ ਹਰਦੀਪ ਸਿੰਘ ਵਾਸੀ ਪਿੰਡ ਸੈਨਪੁਰ (ਅੱਬਲ ਖੈਰ), ਜੇਲ੍ਹ ਰੋਡ, ਗੁਰਦਾਸਪੁਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਜੋਤ ਸਿੰਘ ਅਤੇ ਉਸ ਦੀ ਪਤਨੀ ਹਰਮਨਪ੍ਰੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

ਮੈਂ ਬਲਜਿੰਦਰ ਕੌਰ ਪਤਨੀ ਲੇਟ ਮਨਜੀਤ ਸਿੰਘ ਵਾਸੀ ਪਿੰਡ ਲਜੋਈ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਭਰਾ ਹਰਦਿਆਲ ਸਿੰਘ ਜੋ ਕਿ ਸਾਡੇ ਕਹਿਣ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਸ ਨਾਲ ਲੈਣ-ਦੇਣ ਕਰੇਗ

27-SEP-PAGE-7.qxd 9/26/2023 9:50 PM Page 1

ਸਰਟੀਫਿਕੇਟ, ਪ੍ਰੀਖਿਆ ਫੀਸਾਂ ਤੇ ਜੁਰਮਾਨਿਆਂ 'ਚ ਵਾਧੇ ਖਿਲਾਫ ਦਿੱਤਾ ਵਿਰੋਧ ਪੱਤਰ

ਸੰਗਰੂਰ (ਪ੍ਰਵੀਨ ਸਿੰਘ)-ਸਿੱਖਿਆ ਦਾ ਅਧਿਕਾਰ ਕਾਨੂੰਨ-2009 ਤਹਿਤ ਅੱਠਵੀਂ ਜਮਾਤ ਤੱਕ ਸਾਰੇ ਵਿਦਿਆਰਥੀਆਂ ਤੇ ਦਿਵਿਆਂਗ ਵਿਅਕਤੀਆਂ ਦਾ ਅਧਿਕਾਰ ਕਾਨੂੰਨ-2016 ਤਹਿਤ 18 ਸਾਲ ਉਮਰ ਤੱਕ ਦਿਵਿਆਂਗ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੇ ਕਾਨੂੰਨਾਂ ਦੀ ਉਲੰਘਣਾ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ, ਅੱਠਵੀਂ ਤੇ ਦਸਵੀਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਲੈਣ ਲਈ 200 ਰੁਪਏ ਤੇ ਬਾਰਵੀਂ ਜਮਾਤ ਲਈ 250 ਰੁਪਏ ਪ੍ਰਤੀ ਵਿਦਿਆਰਥੀ ਫੀਸ ਲਗਾਉਣ ਦਾ ਨਵਾਂ ਫ਼ਰਮਾਨ ਲਾਗੂ ਕੀਤਾ ਗਿਆ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਜ਼ਿਲ੍ਹਾ ਸੰਗਰੂਰ ਨੇ ਸਰਟੀਫਿਕੇਟ ਫੀਸ ਲਾਗੂ ਕਰਨ, ਪ੍ਰੀਖਿਆ ਫੀਸ ਵਿੱਚ ਵਾਧੇ ਤੇ ਭਾਰੀ ਜੁਰਮਾਨਿਆਂ ਨੂੰ ਨਜਾਇਜ਼ ਕਰਾਰ ਦਿੰਦਿਆਂ ਇਸ ਸੰਬੰਧੀ ਮੁੱਖ ਮੰਤਰੀ, ਸਿੱਖਿਆ ਮੰਤਰੀ ਪੰਜਾਬ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਚੇਅਰਮੈਨ ਵੱਲ ਡਿਪਟੀ ਕਮਿਸ਼ਨਰ ਸੰਗਰੂਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਸੈ. ਸਿ. ਰਾਹੀਂ 'ਵਿਰੋਧ ਪੱਤਰ' ਭੇਜਦਿਆਂ 3 ਅਕਤੂਬਰ ਨੂੰ ਸਿੱਖਿਆ ਬੋਰਡ ਦੇ ਮੋਹਾਲੀ ਸਥਿਤ ਮੁੱਖ ਦਫ਼ਤਰ ਅੱਗੇ ਰੋਸ ਧਰਨੇ 'ਚ ਭਰਵੀਂ ਸ਼ਮੂਲੀਅਤ ਕਰਵਾਉਣ ਦਾ ਐਲਾਨ ਕੀਤਾ ਹੈ।

ਇਸ ਮੌਕੇ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਸੂਬਾ ਸੰਯੁਕਤ ਸਕੱਤਰ ਦਲਜੀਤ ਸਫੀਪੁਰ, ਸੂਬਾ ਕਮੇਟੀ ਮੈਂਬਰ ਮੇਘ ਰਾਜ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ ਨੇ ਦੱਸਿਆ ਕਿ ਨਤੀਜਾ ਸਰਟੀਫਿਕੇਟ ਦੇਣਾ ਹਰੇਕ ਸੰਸਥਾ ਦਾ ਮੁੱਢਲਾ ਫਰਜ਼ ਹੁੰਦਾ ਹੈ, ਪ੍ਰੰਤੂ ਸਿੱਖਿਆ ਬੋਰਡ ਇਸ ਨੂੰ ਵੀ ਕਮਾਈ ਦੇ ਸਾਧਨ ਵਜੋਂ ਦੇਖ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਾਰੀਆਂ ਜਮਾਤਾਂ ਦੀ ਬੋਰਡ ਪ੍ਰੀਖਿਆ ਦੇ ਸਰਟੀਫਿਕੇਟਾਂ ਦੀ ਗੁਣਵੱਤਾ 'ਚ ਸੁਧਾਰ ਕਰਦਿਆਂ ਇਹ ਸਰਟੀਫਿਕੇਟ ਪੂਰੀ ਤਰ੍ਹਾਂ ਮੁਫਤ ਦਿੱਤੇ ਜਾਣ। ਆਗੂਆਂ ਨੇ ਦੱਸਿਆ ਕਿ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਤੋਂ ਲਈਆਂ ਜਾਂਦੀਆਂ ਪ੍ਰੀਖਿਆ ਫੀਸਾਂ, ਰਜਿਸਟ੍ਰੇਸ਼ਨ ਤੇ ਕੰਟੀਨਿਊਏਸ਼ਨ ਫੀਸ ਅਤੇ ਜੁਰਮਾਨਿਆਂ ਤੇ ਲੇਟ ਫੀਸ ਆਦਿ ਵਿੱਚ ਵੀ ਗੈਰ ਵਾਜਿਬ ਵਾਧਾ ਕੀਤਾ ਗਿਆ ਹੈ। ਇਸ ਵਾਧੇ ਨੂੰ ਵਾਪਸ ਲੈਣ, ਜੁਰਮਾਨਾ ਕਿਸੇ ਵੀ ਹਾਲਤ 'ਚ ਫੀਸ ਤੋਂ ਵੱਧ ਨਾ ਰੱਖਣ ਅਤੇ ਦਸਵੀਂ/ਬਾਰਵੀਂ ਕੰਟੀਨਿਊਏਸ਼ਨ ਤੇ ਪ੍ਰੀਖਿਆ ਫੀਸ ਇੱਕੋ ਵਾਰੀ ਵਿੱਚ ਕੰਪਿਊਟਰ 'ਤੇ ਆਨਲਾਈਨ ਕਰਨ ਦਾ ਪ੍ਰਬੰਧ ਕਰਨਾ ਬਣਦਾ ਹੈ। ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਬਲਾਕ ਪ੍ਰਧਾਨ ਕਮਲਜੀਤ ਬਨਭੌਰਾ, ਰਵਿੰਦਰ ਦਿੜਬਾ, ਰਾਜ ਸੈਣੀ, ਮਨੋਜ ਲਹਿਰਾ, ਦੀਨਾ ਨਾਥ ਤੋਂ ਇਲਾਵਾ ਦੀਪ ਬਨਾਰਸੀ, ਰਣਧੀਰ ਸੰਗਰੂਰ ਆਦਿ ਆਗੂ ਮੌਜੂਦ ਸਨ।

ਇਨਕਲਾਬੀ ਕੇਂਦਰ ਵੱਲੋਂ ਓਵਰਟਾਈਮ ਕੰਮ ਦੇ ਘੰਟੇ ਵਧਾਉਣ ਦੀ ਨਿੰਦਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਇਨਕਲਾਬੀ ਕੇਂਦਰ ਪੰਜਾਬ ਨੇ ਓਵਰਟਾਈਮ ਸਬੰਧੀ ਭਗਵੰਤ ਮਾਨ ਸਰਕਾਰ ਵੱਲੋਂ ਜਾਰੀ ਕੀਤੇ ਨਵੇਂ ਨੋਟੀਫਿਕੇਸ਼ਨ ਦੀ ਸਖ਼ਤ ਨਿਖੇਧੀ ਕਰਦੇ ਹੋਏ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਮੁਖਤਿਆਰ ਪੂਹਲਾ, ਜਸਵੰਤ ਜੀਰਖ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮੁਤਾਬਿਕ ਇੱਕ ਦਿਨ ਵਿੱਚ ਵੱਧ ਤੋਂ ਵੱਧ ਓਵਰਟਾਈਮ ਕੰਮ ਦੇ ਘੰਟੇ 2 ਤੋਂ ਵਧਾ ਕੇ 4 ਕਰ ਦਿੱਤੇ ਗਏ ਹਨ, ਭਾਵੇਂ ਹਫਤੇ ਵਿੱਚ ਕੁੱਲ ਕੰਮ ਦੇ ਘੰਟੇ (ਸਮੇਤ ਓਵਰਟਾਈਮ) 60 ਹੀ ਰੱਖੇ ਗਏ ਹਨ। ਇਸ ਦੇ ਨਾਲ਼ ਹੀ ਤਿੰਨ ਮਹੀਨਿਆਂ ਵਿੱਚ ਪਹਿਲਾਂ ਜਿੱਥੇ ਓਵਰਟਾਈਮ ਕੰਮ ਦੇ ਘੰਟੇ 75 ਹੋ ਸਕਦੇ ਸਨ, ਹੁਣ ਵਧਾ ਕੇ 115 ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਕੈਪਟਨ ਸਰਕਾਰ ਨੇ ਲਾਕਡਾਊਨ ਦੌਰਾਨ ਤਿੰਨ ਮਹੀਨਿਆਂ ਦੌਰਾਨ ਵੱਧ ਤੋਂ ਵੱਧ ਓਵਰਟਾਈਮ ਘੰਟਿਆਂ ਦੀ ਗਿਣਤੀ 50 ਤੋਂ ਵਧਾ ਕੇ 75 ਕਰ ਦਿੱਤੀ ਸੀ। ਆਗੂਆਂ ਨੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਦੇ ਇਸ ਕਦਮ ਨੂੰ ਘੋਰ ਮਜ਼ਦੂਰ/ਮੁਲਾਜ਼ਮ ਵਿਰੋਧੀ, ਵੱਡਾ ਧੋਖਾ ਤੇ ਸਾਮਰਾਜੀ ਸਰਮਾਏਦਾਰੀ ਪੱਖੀ ਕਰਾਰ ਦਿੰਦਿਆਂ ਕਿਹਾ ਕਿ ਅੱਜ ਲੱਕ ਤੋੜ ਮਹਿੰਗਾਈ ਦੇ ਦੌਰ ਵਿੱਚ ਮਜ਼ਦੂਰਾਂ ਤੋਂ ਸਨਅਤਾਂ ਤੇ ਹੋਰ ਕੰਮ-

■ ਭਗਵੰਤ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਰਾਹ ਤੁਰੀ : ਆਗੂ

ਥਾਵਾਂ ਉੱਤੇ ਬੇਹੱਦ ਘੱਟ ਤਨਖਾਹਾਂ/ਦਿਹਾੜੀਆਂ 'ਤੇ ਹੱਡ-ਭੰਨਵੀਂ ਮਿਹਨਤ ਕਰਵਾਈ ਜਾਂਦੀ ਹੈ। ਜ਼ਿਆਦਾਤਰ ਥਾਵਾਂ 'ਤੇ ਸਰਮਾਏਦਾਰਾਂ ਵੱਲੋਂ ਮਜ਼ਦੂਰਾਂ ਤੋਂ ਪਹਿਲਾਂ ਹੀ ਰੋਜ਼ਾਨਾ ਤਿੰਨ-ਤਿੰਨ, ਚਾਰ-ਚਾਰ ਘੰਟੇ ਓਵਰਟਾਈਮ ਕਰਵਾਇਆ ਜਾਂਦਾ ਹੈ। ਗੈਰ-ਜਥੇਬੰਦਕ ਖੇਤਰ (ਜਿੱਥੇ 92 ਫੀਸਦੀ ਮਜ਼ਦੂਰ ਕੰਮ ਕਰਦੇ ਹਨ) ਵਿੱਚ ਗੈਰ-ਕਾਨੂੰਨੀ ਤੌਰ 'ਤੇ ਮਜ਼ਦੂਰਾਂ ਕੋਲੋਂ 12-12 ਘੰਟੇ ਕੰਮ ਲਿਆ ਜਾਂਦਾ ਹੈ। ਮੋਦੀ ਸਰਕਾਰ ਵੱਲੋਂ 29 ਕਿਰਤ ਕਾਨੂੰਨਾਂ ਨੂੰ 4 ਕੋਡਾਂ ਦੇ ਰੂਪ ਵਿੱਚ ਵੀ ਇਹੋ ਕੁੱਝ ਕੀਤਾ ਗਿਆ ਹੈ। ਭਗਵੰਤ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਰਾਹ ਤੁਰੀ ਹੋਈ ਹੈ। ਭਾਵੇਂ ਮੋਦੀ ਸਰਕਾਰ ਦੇ ਨਵੇਂ ਕਿਰਤ ਕਨੂੰਨ ਲਾਗੂ ਨਹੀਂ ਹੋਏ ਪਰ 'ਆਪ' ਸਰਕਾਰ ਇਸ ਤੋਂ ਵੀ ਕਿਤੇ ਅੱਗੇ ਹੋ ਕੇ ਸਨਅਤੀ ਘਰਾਣਿਆਂ ਦੀ ਸੇਵਾ ਕਰਨ ਵਿੱਚ ਲੱਗੀ ਹੋਈ ਹੈ। 'ਆਪ' ਸਰਕਾਰ ਦੇ ਇਸ ਕਦਮ ਨੇ ਇਸ ਦੇ ਇਨਕਲਾਬੀ ਤੇ ਬਦਲਾਅ ਦੇ ਝੂਠ ਤੋਂ ਪਰਦਾ ਚੁੱਕ ਦਿੱਤਾ ਹੈ। ਇਨਕਲਾਬੀ ਕੇਂਦਰ ਨੇ ਪੰਜਾਬ ਸਰਕਾਰ ਦੇ ਇਸ ਮੁਲਾਜ਼ਮ/ਮਜ਼ਦੂਰ ਵਿਰੋਧੀ ਫ਼ੈਸਲੇ ਖਿਲਾਫ਼ ਹੋਰਨਾਂ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਤਿੱਖਾ ਵਿਰੋਧ ਕਰਨ ਤੇ ਸੰਘਰਸ਼ ਦਾ ਪਿੜ ਮੱਲਣ ਦਾ ਸੱਦਾ ਦਿੱਤਾ ਹੈ।

ਭਾਕਿਯੂ (ਏਕਤਾ) ਡਕੌਂਦਾ ਬਲਾਕ ਮਾਨਸਾ ਦਾ ਡੈਲੀਗੇਟ ਅਜਲਾਸ ਸੰਪੰਨ

ਮਾਨਸਾ (ਪਮਾਰ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਬਲਾਕ ਮਾਨਸਾ ਇਕਾਈ ਦਾ ਡੈਲੀਗੇਟ ਅਜਲਾਸ ਪਿੰਡ ਖਿਆਲਾ ਕਲਾਂ ਦੀ ਧਰਮਸ਼ਾਲਾ ਵਿੱਚ ਹੋਇਆ, ਜਿਸ ਵਿੱਚ ਸਰਬ ਸੰਮਤੀ ਨਾਲ 21 ਮੈਂਬਰੀ ਬਲਾਕ ਕਮੇਟੀ ਤੇ ਅਹੁਦੇਦਰਾਂ ਦੀ ਚੋਣ ਕੀਤੀ ਗਈ। ਇਸ ਸਮੇਂ ਹਾਜ਼ਰ ਡੈਲੀਗੇਟ ਤੇ ਦਰਸ਼ਕ ਕਿਸਾਨ, ਮਰਦ ਔਰਤਾਂ ਤੇ ਨੌਜਵਾਨਾਂ ਨੇ ਹਿੱਸਾ ਲੈਂਦੇ ਹੋਏ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ 'ਤੇ ਵਿਚਾਰ ਚਰਚਾ ਕਰਦੇ ਹੋਏ ਅਗਲੇ ਕਾਰਜ ਵੀ ਉਲੀਕੇ ਗਏ। ਕਿਸਾਨ ਡੈਲੀਗੇਟਾਂ ਵੱਲੋਂ ਕਿਸਾਨੀ ਸੰਕਟ ਤੇ ਇਸ ਦੇ ਹੱਲ ਲਈ ਠੋਸ ਸੁਝਾਅ ਵੀ ਪੇਸ਼ ਕੀਤੇ। ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਦੀ ਲੜਾਈ ਨੂੰ ਪ੍ਰਮੁੱਖਤਾ ਨਾਲ ਲੜਨ ਦਾ ਅਹਿਦ ਕਰਦਿਆਂ ਕਿਸਾਨੀ ਦੇ ਨਾਲ ਜਵਾਨੀ ਬਚਾਉਣ ਤੇ ਉਸ ਨੂੰ ਸੰਘਰਸ਼ਾਂ ਵਿੱਚ ਸ਼ਾਮਲ ਕਰਨ ਲਈ ਵੀ ਗੰਭੀਰਤਾ ਨਾਲ ਵਿਚਾਰ ਚਰਚਾ ਹੋਈ। ਇਸ ਸਮੇਂ ਬੁਲਾਰਿਆਂ ਨੇ ਚੁਣੀ ਗਈ ਨਵੀਂ ਬਲਾਕ ਕਮੇਟੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਆਉਣ ਵਾਲਾ ਸਮਾਂ ਕਿਸਾਨਾਂ ਸਮੇਤ ਹੋਰ ਤਬਕਿਆਂ ਦੀ ਇੱਕਜੁਟਤਾ ਨਾਲ ਲੜੇ ਜਾਣ ਵਾਲੇ ਸੰਘਰਸ਼ਾਂ ਦਾ ਹੋਵੇਗਾ ਤੇ ਸਮੁੱਚੇ ਕਿਰਤੀ ਵਰਗ ਨੂੰ ਲੁਟੇਰੀ ਜਮਾਤ ਦੇ ਹੱਥ ਕੰਡਿਆਂ ਤੋਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਵੇਗਾ। ਇਸ ਸਮੇਂ ਪੁਲਸ, ਸਮਗਲਰ ਤੇ ਗੁੰਡਾ ਗੱਠਜੋੜ ਖਿਲਾਫ ਨਸ਼ਾਬੰਦੀ ਮੁਹਿੰਮ ਵੀ ਚਲਾਉਣ ਦਾ ਐਲਾਨ ਕੀਤਾ ਗਿਆ। ਇਸ ਸਮੇਂ ਹੋਈ ਬਲਾਕ ਕਮੇਟੀ ਦੀ ਚੋਣ ਵਿੱਚ ਸਰਬਸੰਮਤੀ ਨਾਲ ਬਲਜੀਤ ਸਿੰਘ ਭੈਣੀ ਬਾਘਾ ਪ੍ਰਧਾਨ, ਮਹਿੰਦਰ ਸਿੰਘ ਰਾਠੀ ਜਨਰਲ ਸਕੱਤਰ, ਬੀਰਵਲ ਸਿੰਘ ਖਿਆਲਾ ਸੀਨੀ. ਮੀਤ ਪ੍ਰਧਾਨ, ਬਚਿੱਤਰ ਸਿੰਘ ਮੂਸਾ ਮੀਤ ਪ੍ਰਧਾਨ, ਗੁਰਚੇਤ ਸਿੰਘ ਚਕੇਰੀਆਂ ਖਜ਼ਾਨਚੀ, ਗੁਰਤੇਜ ਸਿੰਘ ਕੋਟਲੀ ਸੰਗਠਨ ਸਕੱਤਰ, ਰੂਪ ਸ਼ਰਮਾ ਨੂੰ ਪ੍ਰੈੱਸ ਸਕੱਤਰ ਚੁਣਦੇ ਹੋਏ ਗੁਰਵਿੰਦਰ ਕੌਰ ਭੈਣੀ ਬਾਘਾ ਨੂੰ ਕਨਵੀਨਰ ਤੇ ਅਮਰਜੀਤ ਕੌਰ ਖਿਆਲਾ ਨੂੰ ਔਰਤ ਵਿੰਗ ਦੀ ਕੋ-ਕਨਵੀਨਰ ਚੁਣਿਆ ਗਿਆ। ਇਸ ਤੋਂ ਇਲਾਵਾ ਚੁਣੀ ਗਈ ਬਲਾਕ ਕਮੇਟੀ ਵਿੱਚ ਲੀਲਾ ਸਿੰਘ ਮੂਸਾ, ਦਰਸ਼ਨ ਸਿੰਘ ਔਤਾਂਵਾਲੀ, ਦਰਸ਼ਨ ਸਿੰਘ, ਅਮਰੀਕ ਸਿੰਘ ਬੁਰਜ ਹਰੀ, ਲਾਭ ਸਿੰਘ, ਪ੍ਰਗਟ ਸਿੰਘ, ਭੋਲਾ ਸਿੰਘ ਖਿਆਲਾ, ਗੁਰਤੇਜ ਸਿੰਘ ਕੋਟਲੀ, ਬਾਬੂ ਸਿੰਘ ਬੁਰਜ ਰਾਠੀ, ਸੁਰਜੀਤ ਸਿੰਘ ਨੰਗਲ ਕਲਾਂ ਸਮੇਤ ਰਜਿੰਦਰ ਕੌਰ ਮਾਨਸਾ ਤੇ ਸੁਖਜੀਤ ਕੌਰ ਭੈਣੀ ਬਾਘਾ ਚੁਣੇ ਗਏ। ਇਸ ਮੌਕੇ ਗਮਦੂਰ ਸਿੰਘ ਤੇ ਗੁਰਚਰਨ ਸਿੰਘ ਖਿਆਲਾ ਨੂੰ ਜਥੇਬੰਦੀ 'ਚ ਸ਼ਾਮਲ ਹੋਣ 'ਤੇ ਸਨਮਾਨਤ ਕੀਤਾ ਗਿਆ।

ਕਾਤਰਾਂ

ਭਗਵਾਨ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਡੇਰਾ ਬਾਬਾ ਲੱਛਾ ਦਾਸ ਪੱਤੀ ਜੈਦ ਵਿੱਚ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਵਾਨ ਸ੍ਰੀ ਚੰਦ ਮਹਾਰਾਜ ਜੀ ਦਾ 525ਵਾਂ ਜਨਮ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਡੇਰੇ ਦੇ ਮੁੱਖ ਪ੍ਰਬੰਧਕ ਬਾਬਾ ਮਨੀ ਦਾਸ ਜੀ ਨੇ ਪਹਿਲਾਂ ਭਗਵਾਨ ਸ੍ਰੀ ਚੰਦ ਜੀ ਨੂੰ ਭੋਗ ਲਵਾ ਕੇ ਸ਼ੁਰੂਆਤ ਕੀਤੀ। ਇਸ ਮੌਕੇ ਸਮੂਹ ਸਾਧ ਸੰਗਤ ਭਗਵਾਨ ਸ੍ਰੀ ਚੰਦ ਮਹਾਰਾਜ ਜੀ ਦੀ ਆਰਤੀ ਕਰਕੇ ਸ਼ੁਰੂਆਤ ਕੀਤੀ ਤੇ ਸਮੂਹ ਸਾਧ ਸੰਗਤ ਨੇ ਇਕ ਦੂਜੇ ਨੂੰ ਜਨਮ ਦਿਹਾੜੇ 'ਤੇ ਮੁਬਾਰਕਾਂ ਦਿੱਤੀਆਂ ਅਤੇ ਮਹੰਤ ਬਾਬਾ ਮਨੀ ਦਾਸ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਾਂ ਨੂੰ ਰਲ ਮਿਲ ਕੇ ਹਰੇਕ ਦੇਵੀ ਦੇਵਤੇ ਦੇ ਜਨਮ ਦਿਹਾੜੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਸ੍ਰ. ਮਲਵਿੰਦਰ ਮਲੀ, ਮੁਰਲੀ ਰਾਮ ਤੇ ਹੋਰ ਸੇਵਾਦਾਰਾਂ ਨੇ ਸੇਵਾ ਨਿਭਾਈ। ਸਮਾਪਤੀ ਸਮੇਂ ਪ੍ਰਸਾਦ ਵੰਡਿਆ ਗਿਆ।

ਜਾਗਰੂਕਤਾ ਕੈਂਪ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਗੁਰਦੁਆਰਾ ਸਿੰਘ ਸਭਾਵਾਂ ਵਿਖੇ 27 ਸਤੰਬਰ ਨੂੰ ਸਵੇਰੇ 10 ਵਜੇ ਡੇਅਰੀ ਵਿਕਾਸ ਵਿਭਾਗ ਵੱਲੋਂ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸ੍ਰ. ਲਖਵਿੰਦਰ ਸਿੰਘ ਭਾਲ ਪੱਤੀ ਦੁਲਟ ਨੇ ਦੱਸਿਆ ਕਿ ਇਸ ਕੈਂਪ ਵਿੱਚ ਗਾਵਾਂ, ਮੱਝਾਂ ਲਈ ਲੋਨ, ਸਬਸਿਡੀ, ਲਿਸਟ ਤੇ ਪਸ਼ੂਆਂ ਦੀਆਂ ਭਿਆਨਕ ਬਿਮਾਰੀਆਂ ਤੋਂ ਬਚਾਅ, ਫੀਡ ਆਦਿ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇਗੀ।

ਡਾਕਟਰ ਅਜੈ ਪਾਲ ਸਿੰਘ ਨੇ ਇਲੈਕਟ੍ਰੋਨਿਕਸ ਵਿਭਾਗ ਦੇ ਮੁਖੀ ਦਾ ਅਹੁਦਾ ਸੰਭਾਲਿਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਤੇ ਤਕਨਾਲੋਜੀ ਦੇ ਨਿਰਦੇਸ਼ਕ ਡਾਕਟਰ ਮਣੀ ਕਾਂਤ ਪਾਸਵਾਨ ਵੱਲੋਂ ਡਾਕਟਰ ਅਜੈ ਪਾਲ ਸਿੰਘ ਨੂੰ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਗਿਆ ਹੈ, ਜਿਸ ਉਪਰੰਤ ਡਾਕਟਰ ਅਜੈ ਪਾਲ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲੇ ਵਿਭਾਗੀ ਮੁਖੀ ਡਾਕਟਰ ਸੁਰਿੰਦਰ ਸਿੰਘ ਸੋਢੀ ਤੋਂ ਅਹੁਦੇ ਦਾ ਚਾਰਜ ਲੈਂਦਿਆਂ ਉਨ੍ਹਾ ਵਿਭਾਗ ਤੇ ਸੰਸਥਾ ਦੀ ਬਿਹਤਰੀ ਲਈ ਜਮਹੂਰੀ ਤਰੀਕੇ ਨਾਲ ਕਾਰਜ ਕਰਨ ਦੇ ਹਰ ਸੰਭਵ ਯਤਨ ਕਰਨ ਨੂੰ ਆਪਣੀ ਤਰਜੀਹ ਕਿਹਾ। ਇਸ ਮੌਕੇ ਵਿਭਾਗ ਦੇ ਸੀਨੀਅਰ ਪ੍ਰੋਫੈਸਰ, ਟੈਕਨੀਕਲ ਸਟਾਫ ਤੇ ਦਫਤਰੀ ਅਮਲਾ ਹਾਜ਼ਰ ਸੀ।

ਕਾਰਜਕਾਰਨੀ ਕਮੇਟੀ ਦੀ ਮੀਟਿੰਗ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਉਨ੍ਹਾਂ ਵੱਲੋਂ ਸੀ.ਆਰ.ਐੱਮ. ਸਕੀਮ ਸਾਲ 2023-24 ਵਿੱਚ ਵੱਖ-ਵੱਖ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰ, ਸੁਪਰ ਸੀਡਰ, ਆਰ.ਐੱਮ.ਬੀ. ਪਲਾਓ, ਜ਼ੀਰੋ ਟਿਲ ਡਰਿੱਲ, ਪੈਡੀ ਸਟਰਾਅ ਚੌਪਰ, ਸਰੱਬ ਮਾਸਟਰ, ਸੁਪਰ ਐੱਸ.ਐੱਮ.ਐੱਸ, ਬੇਲਰ, ਰੇਕ ਤੇ ਕਰਾਪ ਰੀਪਰ ਦੀਆਂ 18 ਅਗਸਤ ਤੇ ਸਰਫੇਸ ਸੀਡਰ ਦੀਆਂ 10 ਸਤੰਬਰ ਤੱਕ ਪ੍ਰਾਪਤ ਹੋਈਆਂ ਦਰਖਾਸਤਾਂ ਤੇ ਇਨ੍ਹਾਂ ਦੇ ਪ੍ਰਾਪਤ ਟੀਚਿਆਂ ਮੁਤਾਬਿਕ agrima chinerypb.com ਪੋਰਟਲ ਰਾਹੀਂ ਰੈਂਡੋਮਾਈਜ਼ੇਸ਼ਨ ਸਿਸਟਮ ਰਾਹੀਂ ਡਰਾਅ ਕੱਢਿਆ ਗਿਆ। ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਸੀ.ਐੱਚ.ਸੀ. ਕੈਟਾਗਰੀ ਵਿੱਚ ਕੁੱਲ 237 ਦਰਖਾਸਤਾਂ ਪ੍ਰਾਪਤ ਹੋਈਆਂ ਸਨ ਤੇ ਸਕੀਮ ਦੀਆਂ ਹਦਾਇਤਾਂ ਮੁਤਾਬਿਕ 45 ਸੀ.ਐੱਚ.ਸੀ. ਦੀਆਂ ਮਸ਼ੀਨਾਂ ਨੂੰ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਨੂੰ ਮੁੱਖ ਦਫਤਰ ਵੱਲੋਂ ਅਲਾਟ ਹੋਏ ਟੀਚਿਆਂ ਅਨੁਸਾਰ ਨਿੱਜੀ ਕਿਸਾਨਾਂ ਦੀਆਂ ਪ੍ਰਾਪਤ ਹੋਈਆਂ 1800 ਦਰਖਾਸਤਾਂ ਵਿੱਚ

27-Sep-PAGE-8.qxd 9/26/2023 10:27 PM Page 1

90 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਪੁਲਸ ਅੜਿੱਕੇ

ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)-ਐਸ ਆਈ ਜਗਜੀਤ ਸਿੰਘ ਮੁੱਖ ਅਫਸਰ

ਥਾਣਾ ਮੇਹਟੀਆਣਾ ਵਲੋਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਏ.ਐਸ.ਆਈ ਵਿਜੈ ਕੁਮਾਰ ਪਿੰਡ ਅਜਨੋਹਾ, ਨਡਾਲੋ,ਪੰਜੌੜਾ ਆਦਿ ਨੂੰ ਸਾਥੀ ਕਰਮਚਾਰੀਆ ਨਾਲ ਗਸ਼ਤ ਕਰਦੇ ਕਰਦੇ ਜਾ ਰਹੇ ਸੀ ਤਾ ਪਿੰਡ ਨਡਾਲੋ ਗੇਟ ਵਲੋਂ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ । ਜਿਸ ਨੂੰ ਸ਼ੱਕ ਦੀ ਬਿਨਾਹ 'ਤੇ ਚੈੱਕ ਕਰਨ ਲਈ ਪੁਲਸ ਨੇ ਗੱਡੀ ਰੋਕੀ ਤਾਂ ਉਹ ਯਕਦਮ ਘਬਰਾ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਉਸ ਨੂੰ ਕਾਬੂ ਕਰ ਲਿਆ। ਉਸ ਨੇ ਆਪਣਾ ਨਾਂਅ ਹਰਭਜਨ ਸਿੰਘ ਪੁੱਤਰ ਸੁਰਿੰਦਰ ਕੁਮਾਰ ਵਾਸੀ ਨਡਾਲੋਂ ਥਾਣਾ ਮੇਹਟੀਆਣਾ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ। ਉਕਤ ਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋ 90 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਉਸ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

ਖੂਨਦਾਨ ਕੈਂਪ ਪਹਿਲੀ ਨੂੰ

ਫਿਲੌਰ (ਨਿਰਮਲ)- ਪਿਛਲੇ 29 ਸਾਲਾਂ ਤੋਂ ਖੂਨਦਾਨ ਦੇ ਖੇਤਰ ਵਿੱਚ ਕੰਮ ਕਰ ਰਹੀ

ਸੰਸਥਾ ਹਿੰਦੁਸਤਾਨ ਵੈਲਫੇਅਰ ਬੱਲਡ ਡੋਨਰਸ ਕੱਲਬ ਫਗਵਾੜਾ ਵਲੋਂ ਆਪਣਾ ਸਾਲਾਨਾ ਪ੍ਰੋਗਰਾਮ ਅਤੇ ਖੂਨਦਾਨ ਕੈਂਪ 1 ਅਕਤੂਬਰ 2023 ਨੂੰ ਮਹਾਰਾਜਾ ਪੈਲੇਸ ਫਗਵਾੜਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਕੱਲਬ ਵਲੋਂ ਪ੍ਰੇਮ ਕੁਮਾਰ ਸੱਦਾ ਦਿੱਤਾ ਗਿਆ ਅਤੇ ਕੈਲੰਡਰ ਰਿਲੀਜ ਕਰਵਾਇਆ ਗਿਆ। ਇਸ ਮੌਕੇ ਪ੍ਰੇਮ ਕੁਮਾਰ ਨੇ ਸਾਰੇ ਹੀ ਇਲਾਕਾ ਨਿਵਾਸੀਆਂ ਨੂੰ ਵੱਧ ਤੋ ਵੱਧ ਖੂਨਦਾਨ ਕਰਨ ਲਈ ਪ੍ਰੇਰਿਆ। ਉਨਾਂ ਦੱਸਿਆਂ ਕਿ ਇਕ ਤੰਦਰੁਸਤ ਵਿਅਕਤੀ ਸਾਲ ਵਿੱਚ 4 ਵਾਰ ਖੂਨਦਾਨ ਕਰ ਸਕਦਾ ਹੈ ਅਤੇ ਖੂਨਦਾਨ ਨਾਲ ਕੋਈ ਵੀ ਕਮਜੋਰੀ ਨਹੀਂ ਆਉਂਦੀ।

ਚੋਰੀ ਕਰਕੇ ਫਰਾਰ ਹੋਇਆ ਮੁਲਜ਼ਮ ਗ੍ਰਿਫਤਾਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)— ਮੁਦੱਈ ਕੇਵਲ ਕ੍ਰਿਸ਼ਨ ਪੁੱਤਰ ਉੱਤਮ ਚੰਦ ਵਾਸੀ ਢੱਕੋਵਾਲ ਥਾਣਾ ਮੇਹਟੀਆਣਾ ਵਲੋਂ ਏ ਐਸ ਆਈ ਕਰਨੈਲ ਸਿੰਘ ਥਾਣਾ

ਮੇਹਟੀਆਣਾ ਪਾਸ ਆਪਣਾ ਬਿਆਨ ਦਿੱਤਾ ਗਿਆ ਕਿ ਉਹ ਜਸਪਾਲ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਢੱਕੋਵਾਲ ਜੋ ਵਿਦੇਸ਼ ਵਿਚ ਰਹਿੰਦਾ ਹੈ, ਜਿਸ ਦੀ ਕੋਠੀ ਦੀ ਚਾਬੀ ਉਸ ਪਾਸ ਹੈ, ਜੋ ਕਿ ਕੋਠੀ ਦੀ ਦੇਖਭਾਲ ਕਰਦਾ ਹੈ । ਜਿਸ ਨੇ ਕਿਹਾ ਸੀ ਕਿ ਦੋ ਮਹੀਨੇ ਬਾਅਦ ਸਫਾਈ ਕਰ ਦਿਆ ਕਰੀਂ । 9/10-9-2023 ਦੀ ਦਰਮਿਆਨੀ ਰਾਤ ਨੂੰ ਜਸਪਾਲ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਢੱਕੋਵਾਲ ਦੀ ਕੋਠੀ ਵਿਚੋਂ ਟੂਟੀਆਂ, ਬਰਤਨ ਬਗੈਰਾ ਦਾ ਸਮਾਨ ਚੋਰੀ ਹੋਇਆ, ਜੋ ਕਿ ਆਂਢ ਗੁਆਂਢ ਨੇ ਦੱਸਿਆ ਕਿ ਅਮਿਤ ਸਵ: ਰਾਮ ਨਾਥ ਵਾਸੀ ਚੌਹਣੀ ਥਾਣਾ ਸਾਂਗੀਪੁਰ ਜ਼ਿਲ੍ਹਾ ਪਰਤਾਪਗੜ੍ਹ ਸਟੇਟ ਉਤਰਪ੍ਰਦੇਸ਼ ਹਾਲ ਵਾਸੀ ਢੱਕੋਵਾਲ ਜੋ ਕੋਠੀ ਦੇ ਪਿਛਲੇ ਪਾਸੇ ਬਣੇ ਮਕਾਨ ਵਿਚ ਕਿਰਾਏ ਪਰ ਰਹਿੰਦਾ ਹੈ ਉਸ ਨੇ ਚੋਰੀ ਕੀਤੀ ਹੈ, ਜੋ ਚੋਰੀ ਕਰਕੇ ਫਰਾਰ ਹੋ ਗਿਆ ਹੈ, ਜਿਸ 'ਤੇ ਮੁਕੱਦਮਾ ਦਰਜ ਕੀਤਾ ਗਿਆ। ਤਫਤੀਸ਼ ਦੌਰਾਨ ਮੁਕੱਦਮਾ ਵਿਚ ਦੋਸ਼ੀ ਉਪਰੋਕਤ ਅਮਿਤ ਨੂੰ ਗ੍ਰਿਫ਼ਤਾਰ ਕਰਕੇ ਮੁ: ਨੰ: 88 ਮਿਤੀ 23-9-23 ਅ/ਧ 457,380 ਭ.ਦ ਥਾਣਾ ਮੇਹਟੀਆਣਾ ਕੇਸ ਦਰਜ ਕੀਤਾ ਗਿਆ ਅਤੇ ਅਦਾਲਤ ਵਿੱਚ ਪੇਸ਼ ਕਰਕੇ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਐਨ ਐਸ ਐਸ ਸਥਾਪਨਾ ਦਿਵਸ ਮਨਾਇਆ

ਕਰਤਾਰਪੁਰ (ਹਰਮੇਸ਼ ਦੱਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ

ਡਾ. ਹਰਮਨਦੀਪ ਸਿੰਘ ਦੀ ਦੇਖ-ਰੇਖ ਹੇਠ ਅਤੇ ਐਨ.ਐਸ.ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਕਮਲੇਸ਼ ਰਾਣੀ ਦੀ ਅਗਵਾਈ ਹੇਠ ਐਨ.ਐਸ.ਐਸ. ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਅਧੀਨ ਪ੍ਰੋ. ਕਮਲੇਸ਼ ਰਾਣੀ ਨੇ ਇਸ ਦਿਵਸ ਦੇ ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਐਨ.ਐਸ.ਐਸ. ਦਾ ਮੁੱਖ ਉਦੇਸ਼ ਸਮਾਜਕ ਭਲਾਈ, ਸੇਵਾ ਭਾਵਨਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੇ ਮੋਟੋ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਕਵਿਤਾ ਉਚਾਰਣ ਮੁਕਾਬਲੇ ਕਰਵਾਏ ਗਏ । ਇਨ੍ਹਾਂ ਮੁਕਾਬਲਿਆਂ ਵਿਚ ਰੀਆ ਬੀ.ਕਾਮ ਭਾਗ ਦੂਜਾ ਨੇ ਪਹਿਲਾ, ਹਰਜੀਤ ਸਿੰਘ ਬੀ.ਏ.ਭਾਗ ਤੀਜਾ ਨੇ ਦੂਜਾ ਅਤੇ ਮਨਪ੍ਰੀਤ ਕੌਰ ਬੀ.ਏ. ਭਾਗ ਤੀਜਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰੋ. ਸੁਖਵੀਰ ਰੂਬੀ ਅਤੇ ਪ੍ਰੋ. ਰਮਨਦੀਪ ਕੌਰ ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸੁਚੇਤਾ ਰਾਣੀ ਨੇ ਵਿਦਿਆਰਥੀਆਂ ਨੂੰ ਇਸ ਦਿਵਸ ਦੀ ਮੁਬਾਰਕਬਾਦ ਦਿੱਤੀ। ਅੰਤ ਵਿਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਮਜ਼ਦੂਰ ਜਥੇਬੰਦੀਆਂ ਵੱਲੋਂ ਮੰਤਰੀਆਂ ਦੇ ਘਰਾਂ ਅੱਗੇ ਤਿੰਨ ਰੋਜ਼ਾ ਧਰਨੇ ਲਾਉਣ ਦਾ ਐਲਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਅੱਠ ਮਜ਼ਦੂਰ ਜਥੇਬੰਦੀਆਂ ਨੇ ਅੱਜ ਲੁਧਿਆਣਾ ਵਿਖੇ ਮੀਟਿੰਗ ਕਰਕੇ ਐਲਾਨ ਕੀਤਾ ਹੈ ਕਿ 9-10-11ਦਸੰਬਰ ਨੂੰ ਪੰਜਾਬ ਦੇ ਚਾਰ ਮੰਤਰੀਆਂ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁੱਡੀਆਂ, ਹਰਭਜਨ ਸਿੰਘ ਈਟੀਓ ਅਤੇ ਬਲਕਾਰ ਸਿੰਘ ਦੇ ਘਰਾਂ ਅੱਗੇ ਤਿੰਨ ਦਿਨ ਲਗਾਤਾਰ ਧਰਨੇ ਲਾਏ ਜਾਣਗੇ। ਇਸ ਸੰਬੰਧੀ ਅੱਜ ਤੋਂ ਹੀ ਪਿੰਡਾਂ ਅੰਦਰ ਮਜ਼ਦੂਰਾਂ ਨੂੰ ਚੇਤਨ ਅਤੇ ਲਾਮਬੰਦ ਕਰਨ ਲਈ ਮੁਹਿੰਮ ਵਿੱਢੀ ਜਾਵੇਗੀ। ਅੱਜ ਇਥੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਸਾਥੀ ਗੁਰਮੇਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਆਗੂਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਲਗਾਤਾਰ ਮਜ਼ਦੂਰਾਂ ਦੀਆਂ ਮੰਗਾਂ ਦੀ ਅਣਦੇਖੀ ਕਰਦੀ ਆ ਰਹੀ ਹੈ। ਕਰੀਬ ਸੱਤ ਵਾਰ ਸਰਕਾਰ ਵਲੋਂ ਮੀਟਿੰਗਾਂ ਦਾ ਸਮਾਂ ਰੱਖਕੇ ਮੀਟਿੰਗਾਂ ਮੁਲਤਵੀ ਕਰ ਦਿੱਤੀਆਂ ਜਾਂਦੀਆਂ ਰਹੀਆਂ ਜ ਕਿ ਪੰਜਾਬ ਦੇ ਮਜ਼ਦੂਰਾਂ ਅਤੇ ਮਜ਼ਦੂਰ ਜਥੇਬੰਦੀਆਂ ਦਾ ਅਪਮਾਨ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਕੈਬਨਿਟ ਸਬ ਕਮੇਟੀ ਨਾਲ ਹੋਈਆਂ ਮੀਟਿੰਗਾਂ ਜਿਨ੍ਹਾਂ ਮੰਗਾਂ ਨੂੰ ਪ੍ਰਵਾਨ ਕੀਤਾ ਗਿਆ, ਉਨ੍ਹਾਂ 'ਤੇ ਵੀ ਕੋਈ ਅਮਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚੋਣਾਂ ਮੌਕੇ ਦਿੱਤੀਆਂ ਗਰੰਟੀਆਂ ਨੂੰ ਲਾਗੂ ਕਰਵਾਉਣ, ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ, ਮਕਾਨ ਉਸਾਰੀ ਲਈ ਗਰਾਂਟ ਦਿਵਾਉਣ, ਕਰਜ਼ੇ ਮਾਫ ਕਰਨ, ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ, ਘੱਟੋ ਘੱਟ ਦਿਹਾੜੀ ਸੱਤ ਸੌ ਰੁਪਏ ਕਰਨ, ਮਨਰੇਗਾ ਤਹਿਤ ਸਾਲ ਭਰ ਰੁਜ਼ਗਾਰ, ਹਰ ਬਾਲਗ ਮਜ਼ਦੂਰ ਨੂੰ ਦੇਣਾ ਯਕੀਨੀ ਬਣਾਇਆ ਜਾਏ ਅਤੇ ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਕੰਮ ਦਿਹਾੜੀ ਦੇ ਘੰਟੇ ਵਧਾਉਣ ਵਾਲਾ ਨੋਟੀਫਿਕੇਸ਼ਨ ਤੁਰੰਤ ਰੱਦ ਕੀਤਾ ਜਾਵੇ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਦਲਿਤ ਭਾਈਚਾਰੇ ਨੂੰ ਸਸਤੇ ਭਾਅ ਠੇਕੇ 'ਤੇ ਦੇਣ, ਵਿਧਵਾ ਬੁਢਾਪਾ ਅੰਗਹੀਣਾਂ ਨੂੰ 5000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ, ਸਮਾਜਿਕ ਤੇ ਸਰਕਾਰੀ ਜਬਰ ਬੰਦ, ਸੰਘਰਸ਼ ਦੌਰਾਨ ਬਣੇ ਪੁਲਸ ਕੇਸ ਰੱਦ ਕਰਨ ਆਦਿ ਵਰਗੀਆਂ ਮੰਗਾਂ 'ਤੇ ਜਥੇਬੰਦੀਆਂ ਲੰਮੇ ਅਰਸੇ ਤੋਂ ਸੰਘਰਸ਼ ਕਰਦੀਆਂ ਆ ਰਹੀਆਂ ਹਨ ਪਰ ਮੌਜੂਦਾ ਸਰਕਾਰ ਲਗਾਤਾਰ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਤੋਂ ਟਾਲਾ ਵੱਟ ਰਹੀ ਹੈ। ਮੀਟਿੰਗ 'ਚ ਫੈਸਲਾ ਕੀਤਾ ਕਿ ਲਗਾਤਾਰ ਚੇਤਨਾ ਤੇ ਲਾਮਬੰਦੀ ਮੁਹਿੰਮ ਦੇ ਚਲਦਿਆਂ 18 ਨਵੰਬਰ ਨੂੰ ਜਲੰਧਰ, 19 ਨਵੰਬਰ ਨੂੰ ਅੰਮ੍ਰਿਤਸਰ ਅਤੇ 20 ਨਵੰਬਰ ਨੂੰ ਬਠਿੰਡਾ ਵਿਖੇ ਕਨਵੈਨਸ਼ਨਾਂ ਕਰਕੇ 28-29 ਅਤੇ30 ਨਵੰਬਰ ਨੂੰ ਤਿੰਨ ਦਿਨਾਂ ਦੌਰਾਨ ਸੂਬੇ ਭਰ 'ਚ ਸਰਕਾਰ ਦੇ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ। ਅੱਜ ਦੀ ਮੀਟਿੰਗ 'ਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਵਲੋਂ ਜੋਰਾ ਸਿੰਘ ਨਸਰਾਲੀ ਅਤੇ ਹਰਮੇਸ਼ ਮਾਲੜੀ ,ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਤਰਸੇਮ ਪੀਟਰ ਅਤੇ ਕਸ਼ਮੀਰ ਸਿੰਘ ਘੁੱਗਸ਼ੋਰ, ਦਿਹਾਤੀ ਮਜ਼ਦੂਰ ਸਭਾ ਵਲੋਂ ਦਰਸ਼ਨ ਨਾਹਰ ਅਤੇ ਗੁਰਨਾਮ ਸਿੰਘ ਦਾਉਦ, ਜ਼ਮੀਨ ਪ੍ਰਾਪਤੀ ਸ਼ੰਘਰਸ਼ ਕਮੇਟੀ ਵੱਲੋਂ ਗੁਰਮੁਖ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਗੁਲਜਾਰ ਗੋਰੀਆ ਤੇ ਦੇਵੀ ਕੁਮਾਰੀ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵਲੋਂ ਮੱਖਣ ਸਿੰਘ ਰਾਮਗੜ੍ਹ ਅਤੇ ਸ਼ਿਗਾਰਾ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਲਖਵੀਰ ਸਿੰਘ ਲੌਂਗੋਵਾਲ ਅਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਵਲੋਂ ਗੁਰਮੇਸ਼ ਸਿੰਘ ਅਤੇ ਪ੍ਰਸ਼ੋਤਮ ਬਿਲਗਾ ਸ਼ਾਮਲ ਹੋਏ। ਸਾਂਝੇ ਮਜਦੂਰ ਮੋਰਚੇ ਨੇ ਇਕ ਮਤੇ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਉਸ ਨੋਟੀਫਿਕੇਸ਼ਨ ਦਾ ਸਖਤ ਵਿਰੋਧ ਕੀਤਾ ਜਿਸ ਵਿੱਚ ਮਜ਼ਦੂਰਾਂ ਦੀ ਕੰਮ ਦਿਹਾੜੀ ਦਾ ਸਮਾਂ 12 ਘੰਟੇ ਕੀਤਾ ਗਿਆ ਹੈ।

ਆਬਕਾਰੀ ਤੇ ਕਰ ਵਿਭਾਗ ਆਧੁਨਿਕ ਤਕਨੀਕਾਂ ਤੇ ਬੁਨਿਆਦੀ ਢਾਂਚੇ ਨਾਲ ਲੈਸ : ਚੀਮਾ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਵਿੱਤ ਯੋਜਨਾਬੰਦੀ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਬਕਾਰੀ ਤੇ ਕਰ ਵਿਭਾਗ ਦੀ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂ) ਅਤੇ ਐਕਸਾਈਜ਼ ਇਨਫੋਰਸਮੈਂਟ ਯੂਨਿਟਾਂ ਨੂੰ ਆਧੁਨਿਕ ਤਕਨੀਕਾਂ ਅਤੇ ਲੋੜੀਂਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਹੈ ਤਾਂ ਜੋ ਟੈਕਸ ਚੋਰੀ ਕਰਨ ਵਾਲਿਆਂ ਅਤੇ ਨਜਾਇਜ਼ ਸਰਾਬ ਦੇ ਕਾਰੋਬਾਰ ਨਾਲ ਜੁੜੇ ਲੋਕਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ। ਆਬਕਾਰੀ ਤੇ ਕਰ ਭਵਨ ਵਿਖੇ ਵਿਭਾਗ ਦੀਆਂ 24 ਨਵੀਆਂ ਇਨੋਵਾ ਕਾਰਾਂ ਨੂੰ ਹਰੀ ਝੰਡੀ ਦਿਖਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਵਾਹਨ ਟੈਕਸ ਚੋਰੀ ਕਰਨ ਵਾਲਿਆਂ ਅਤੇ ਨਾਜਾਇਜ ਸ਼ਰਾਬ ਦੇ ਕਾਰੋਬਾਰ 'ਚ ਸ਼ਾਮਲ ਵਿਅਕਤੀਆਂ ਨੂੰ ਫੜਨ ਲਈ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੌਰਾਨ ਐਸ ਆਈ ਪੀ ਯੂ ਅਤੇ ਐਕਸਾਈਜ਼ ਇਨਫੋਰਸਮੈਂਟ ਯੂਨਿਟਾਂ ਦੇ ਫੀਲਡ ਅਫਸਰਾਂ ਲਈ ਵੱਡੀ ਸਹੂਲਤ ਸਾਬਤ ਹੋਣਗੇ। ਸੂਬੇ ਦੇ ਆਪਣੇ ਮਾਲ ਸਰੋਤਾਂ ਨੂੰ ਮਜਬੂਤ ਕਰਨ ਸਬੰਧੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਦੀ ਪੁਰਾਣੀ ਸ਼ਾਨ ਨੂੰ ਮੁੜ ਬਹਾਲ ਕਰਨ ਅਤੇ ਇਸ ਨੂੰ ਰੰਗਲਾ ਪੰਜਾਬ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਤ ਕਮਿਸ਼ਨਰ ਕਰ ਵਿਕਾਸ ਪ੍ਰਤਾਪ, ਕਰ ਕਮਿਸ਼ਨਰ ਅਰਸਦੀਪ ਸਿੰਘ ਥਿੰਦ ਅਤੇ ਆਬਕਾਰੀ ਕਮਿਸ਼ਨਰ ਵਰੁਣ ਰੂਜਮ ਵੀ ਹਾਜ਼ਰ ਸਨ।

ਹੜ੍ਹ ਪੀੜਤਾਂ ਲਈ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ ਵੱਲੋਂ ਮੁਫਤ ਮੈਡੀਕਲ ਕੈਂਪ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਹੜ੍ਹ ਪੀੜਤਾਂ ਲਈ ਮੁਫਤ ਮੈਡੀਕਲ ਕੈਂਪ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਸੰਸਥਾ ਦੇ ਮੁਖੀ ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਾਝੇ ਦਾ ਜ਼ਿਲ੍ਹਾ ਤਰਨ ਤਾਰਨ ਦੇ ਹਲਕਾ ਪੱਟੀ ਦੇ ਪਿੰਡ ਸਭਰਾਂ (ਸਭਰਾਵਾਂ) ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ । ਸੰਸਥਾ ਦੀ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕਰਕੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਸਥਾ ਮੁਖੀ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵੱਲੋਂ ਇਲਾਕਾ ਨਿਵਾਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਮੇਨ ਰੋਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ। ਸੰਸਥਾ ਵੱਲੋਂ ਦੋਆਬਾ ਅਤੇ ਮਾਲਵੇ ਤੋਂ ਬਾਅਦ ਮਾਝੇ ਦੇ ਪਿੰਡਾਂ ਵਿਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪੱਤਰਕਾਰ ਕ੍ਰਿਪਾਲ ਸਿੰਘ ਮਾਇਓ ਪੱਟੀ, ਡਾ. ਵਿਸ਼ਾਲ ਪਰਾਸਰ ਨਡਾਲੋਂ, ਡਾ.ਰਾਮ ਲੁਭਾਇਆ ਨਵਾਂ

27-Sep-PAGE-9.qxd 9/26/2023 10:27 PM Page 1

24 ਸਮਾਜਕ ਸੰਗਠਨਾਂ ਵੱਲੋਂ ਸੰਵਿਧਾਨ ਨੂੰ ਬਚਾਉਣ ਲਈ ਕਾਨਫਰੰਸ

ਮੋਹਾਲੀ, (ਗੁਰਜੀਤ ਬਿੱਲਾ)

ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੁਆਰਾ ਰਚਿਤ ਭਾਰਤੀ ਸੰਵਿਧਾਨ ਨੂੰ ਮਨੂਸਮ੍ਰਿਤੀ ਵਿਚਾਰਧਾਰਾ ਵਲੋਂ ਪੈਦਾ ਹੋਏ ਖਤਰੇ, ਸੰਵਿਧਾਨ ਨੂੰ ਤੋੜਨ-ਮਰੋੜਨ ਅਤੇ ਭਾਰਤੀ ਸੰਵਿਧਾਨ ਨੂੰ ਬਚਾਉਣ ਲਈ ਟੀਮ ਸਮਾਜਿਕ ਸਮਾਨਤਾ ਸੰਗਠਨ (ਰਜਿ:) ਵਲੋਂ ਦੇਸ਼ ਭਰ ਵਿਚ ਬੀੜਾ ਚੁੱਕਿਆ ਗਿਆ ਹੈ। ਇਸ ਸਬੰਧੀ ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟੀਮ ਸਮਾਜਿਕ ਸਮਾਨਤਾ ਸੰਗਠਨ ਦੇ ਪ੍ਰਧਾਨ ਖੁਸ਼ੀ ਰਾਮ (ਰਿਟਾ: ਆਈਏਐਸ), ਜਨਰਲ ਸਕੱਤਰ ਆਰ.ਐਲ. ਸੰਧੂ ਅਤੇ ਸੀ. ਮੀਤ ਪ੍ਰਧਾਨ ਕਰਨਲ ਜਗਤਾਰ ਸਿੰਘ ਅਤੇ ਡਾ. ਜਗਤਾਰ ਸਿੰਘ (ਰਿਟਾ: ਚੀਫ ਇੰਜੀਨੀਅਰ) ਨੇ ਦੱਸਿਆ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਵਲੋਂ ਲਿਖੇ ਸੰਵਿਧਾਨ ਵਿੱਚ ਸਾਰੇ ਵਰਗਾਂ ਦੇ ਲੋਕਾਂ ਲਈ ਸਮਾਨਤਾ, ਸਵਤੰਤਰਤਾ, ਭਾਈਚਾਰਾ ਅਤੇ ਨਿਆਂ ਦੀ ਵਿਵਸਥਾ ਯਕੀਨੀ ਬਣਾਈ ਗਈ ਹੈ, ਪਰ ਗਰੀਬਾਂ ਦੀ ਸਮਾਜਿਕ ਅਤੇ ਆਰਥਿਕ ਵਿਵਸਥਾ ਨੂੰ ਉਚਾ ਚੁੱਕਣ ਲਈ ਜੋ ਵਿਸ਼ੇਸ਼ ਉਪਬੰਦ ਕੀਤੇ ਗਏ ਹਨ ਅਤੇ ਜਿਨ੍ਹਾਂ ਦੇ ਆਧਾਰ 'ਤੇ ਗਰੀਬਾਂ ਦਾ ਸਮਾਜਿਕ ਅਤੇ ਆਰਥਿਕ ਵਿਵਸਥਾ ਵਿੱਚ ਸੁਧਾਰ ਹੋਇਆ ਹੈ। ਇਹ ਸਭ ਸੰਵਿਧਾਨ ਵਿਰੋਧੀ ਤਾਕਤਾਂ ਨੂੰ ਬਰਦਾਸ਼ਤ ਨਹੀਂ। ਸਾਡੇ ਗੁਰੂਆਂ, ਪੀਰਾਂ, ਰਹਿਬਰਾਂ ਨੇ ਵੀ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਹੈ ਅਤੇ ਇਸੇ ਸੋਚ 'ਤੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਨੇ ਪਹਿਰਾ

ਦਿੰਦਿਆਂ ਸੰਵਿਧਾਨ ਵਿਚ ਸਭ ਨੂੰ ਸਮਾਨਤਾ ਦਿੱਤੀ ਹੈ। ਉਹਨਾਂ ਕਿਹਾ ਕਿ 24 ਸੰਗਠਨਾਂ ਦੀ ਇਕ ਮੰਚ 'ਤੇ ਇਕਜੁੱਟਤਾ ਨੇ ਇਹ ਪ੍ਰਣ ਕੀਤਾ ਹੈ ਕਿ ਉਹ ਸੰਵਿਧਾਨ ਨੂੰ ਕਿਸੇ ਹਾਲਾਤ ਵਿੱਚ ਵੀ ਬਦਲਣ ਨਹੀਂ ਦੇਣਗੇ। ਜੇਕਰ ਸਮਾਜ ਨੂੰ ਮਜਬੂਰ ਕੀਤਾ ਗਿਆ ਅਤੇ ਲੋੜ ਪਈ ਤਾਂ ਹਰ ਕੁਰਬਾਨੀ ਲਈ ਵੀ ਤਿਆਰ ਹਨ ਅਤੇ ਸੰਵਿਧਾਨ ਵਿਰੋਧੀ ਅਤੇ ਮਨੂੰਵਾਦੀ ਵਿਚਾਰਧਾਰਾ ਰੱਖਣ ਵਾਲੇ ਅੰਧਵਿਸ਼ਵਾਸੀ, ਅੰਧਭਗਤ ਅਤੇ ਮਾਨਸਿਕ ਤੌਰ ਤੇ ਬਿਮਾਰ ਲੋਕਾਂ ਦਾ ਮੁਕਾਬਲਾ ਸੰਵਿਧਾਨਕ ਦਾਇਰੇ ਵਿੱਚ ਰਹਿ ਕੇ ਕੀਤਾ ਜਾਵੇਗਾ ਅਤੇ ਅਜਿਹੀਆਂ ਤਾਕਤਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਮੋਹਾਲੀ ਵਿਖੇ ਪੰਜਾਬ ਅਤੇ ਚੰਡੀਗੜ੍ਹ ਟਰਾਈਸਿਟੀ ਦੇ 24 ਸੰਗਠਨਾਂ (ਭਾਵਾਦਾਸ ਭਾਰਤ ਸੰਗਠਨ, ਰਵਿਦਾਸ ਸਮਾਜ ਸੰਗਠਨ, ਕਬੀਰ ਸਮਾਜ ਸੰਗਠਨ, ਓਬੀਸੀ ਸਮਾਜ ਸੰਗਠਨ, ਜਮਾਤੀ ਇਸਲਾਮ ਹਿੰਦ ਸੰਗਠਨ, ਕਿਰਸ਼ਚਨ ਸਮਾਜ ਸੰਗਠਨ, ਧਾਨਕ ਸਮਾਜ ਸੰਗਠਨ, ਅੰਬੇਦਕਰ ਸੰਗਠਨ, ਭਾਈ ਜੈਤਾ ਜੀ ਸੰਗਠਨ, ਐਸਸੀ/ਬੀਸੀ ਸੰਗਠਨ, ਗਿਆਨੀ ਦਿੱਤ ਸਿੰਘ ਸੰਗਠਨਾਂ ਆਦਿ) ਦੇ ਸਾਂਝੇ ਮੰਚ "ਬਹੁਜਨ ਸਮਾਜ ਏਕਤਾ ਤਾਲਮੇਲ ਮੰਚ" ਵਲੋਂ ਐਸਸੀ, ਬੀਸੀ/ਓ ਬੀ ਸੀ ਅਤੇ ਘੱਟ ਗਿਣਤੀ ਵਰਗ ਨਾਲ ਸਬੰਧਤ ਸਾਂਝੇ ਮੁੱਦਿਆਂ 'ਤੇ ਇਕਜੁੱਟ ਹੋ ਕੇ "ਸੰਵਿਧਾਨ ਬਚਾਓ, ਲੋਕ ਤੰਤਰ ਬਚਾਓ, ਦੇਸ਼ ਬਚਾਓ" ਦੇ ਉਦੇਸ਼ ਨਾਲ ਸੰਵਿਧਾਨ ਵਿਰੋਧੀ ਤਾਕਤਾਂ ਦੇ ਖਿਲਾਫ ਜਦੋ ਜਹਿਦ ਕਰਨ ਲਈ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ਸੀ। ਸੈਮੀਨਾਰ ਵਿਚ ਸਮੂਹ ਹਾਜ਼ਰ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਵਲੋਂ ਇਕਜੁੱਟਤਾ ਦਿਖਾਉਂਦਿਆਂ ਭਾਰਤੀ ਸੰਵਿਧਾਨ ਦੀ ਰੱਖਿਆ ਕਰਨ ਅਤੇ ਮਨੂੰਵਾਦੀ ਤਾਕਤਾਂ ਵਿਰੁੱਧ ਲੋਕ ਲਹਿਰ ਉਸਾਰਨ ਦਾ ਪ੍ਰਣ ਕੀਤਾ ਗਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਬੇਟੀ ਦਿਵਸ ਮਨਾਇਆ

ਕਪੂਰਥਲਾ, (ਹਨੀ)- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਦੀ ਅਗਵਾਈ 'ਚ ਬੇਟੀ ਦਿਵਸ ਮਨਾਇਆ ਗਿਆ । ਇਸ ਸਬੰਧੀ ਪ੍ਰਿੰਸੀਪਲ ਮੋਗਾ ਨੇ ਦੱਸਿਆ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਮਾਪਿਆਂ ਨੇ ਆਪਣੇ ਰੁਝੇਵਿਆਂ 'ਚੋਂ ਟਾਈਮ ਕੱਢ ਕੇ ਬੇਟੀਆਂ ਨਾਲ ਬਿਤਾਇਆ । ਇਸ ਦੌਰਾਨ ਉਹ ਆਪਣੀਆਂ ਧੀਆਂ ਨੂੰ ਪਿਕਨਿਕ 'ਤੇ ਲੈ ਕੇ ਗਏ ਜਾਂ ਉਨ੍ਹਾਂ ਨੂੰ ਕਿਸੇ ਮਨਪਸੰਦ ਜਗ੍ਹਾ 'ਤੇ ਘਮਾਉਣ ਲਈ ਲਿਜਾਇਆ ਗਿਆ । ਬੇਟੀਆਂ ਨੇ ਵੀ ਆਪਣੀਆਂ ਮਾਵਾਂ ਨਾਲ ਘਰ ਦੇ ਕੰਮਾਂ ਵਿੱਚ ਹੱਥ ਵਟਾ ਕੇ ਉਨ੍ਹਾਂ ਨਾਲ ਟਾਈਮ ਬਤੀਤ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੋਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਬੇਟੀ ਦਿਵਸ ਮੌਕੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਡੀ ਏ ਵੀ ਹਾਈ ਸਕੂਲ ਕਰਤਾਰਪੁਰ ਵਿਖੇ ਸੈਮੀਨਾਰ ਕਰਵਾਇਆ

ਕਰਤਾਰਪੁਰ (ਹਰਮੇਸ਼ ਦੱਤ)

ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਮਨਜੀਤ ਕੌਰ ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਜਲੰਧਰ ਦਿਹਾਤੀ ਅਤੇ ਸਰਬਜੀਤ ਰਾਏ ਪੀ ਪੀ ਐਸ .ਐਸ ਪੀ ਸਥਾਨਕ ਜਲੰਧਰ ਦਿਹਾਤੀ ਜੀ ਦੀ ਦੇਖ ਰੇਖ ਅਤੇ ਸ੍ਰੀ ਬਲਬੀਰ ਸਿੰਘ ਪੀ ਪੀ ਐਸ ਉਪ ਪੁਲਿਸ ਕਪਤਾਨ ਸ/ਡ ਕਰਤਾਰਪੁਰ ਕਮ ਚੇਅਰਮੈਨ ਸ/ਡ ਸਾਂਝ ਕੇਂਦਰ ਕਰਤਾਰਪੁਰ ਤੇ ਇੰਸਪੈਕਟਰ ਪੂਰਨ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ ਦਿਹਾਤੀ ਦੀ ਸੁਪਰਵਿਜ਼ਨ ਹੇਠ ਅੱਜ ਡੀ .ਏ .ਵੀ ਹਾਈ ਸਕੂਲ ਕਰਤਾਰਪੁਰ ਵਿਖੇ ਚੈਰਿਟੀ ਅਤੇ ਸਟੂਡੈਂਟ ਪੁਲਸ ਕੈਡਿਟ ਪ੍ਰੋਗਰਾਮ ਤਹਿਤ ਸੈਮੀਨਾਰ ਕੀਤਾ ਗਿਆ । ਸੈਮੀਨਾਰ ਵਿੱਚ ਸਕੂਲ ਦੇ ਪੰਜਵੀਂ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਲੋੜਵੰਦ 50 ਬੱਚਿਆਂ ਨੂੰ ਕਾਪੀਆਂ ਅਤੇ ਜੁਮੈਟਰੀ ਬਾਕਸ ਵੰਡੇ ਗਏ । ਇਸ ਮੌਕੇ ਏ ਐਸ ਆਈ ਜਗਤਾਰ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਸੇਵਾਵਾਂ ਤੇ ਟ੍ਰੈਫਿਕ ਨਿਯਮਾਂ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਤੋਂ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ। ਲੇਡੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਵੱਲੋਂ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181,

112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਜਾਣਕਾਰੀ ਦਿੱਤੀ ਗਈ। ਮੁੱਖ ਸਿਪਾਹੀ ਬਲਵਿੰਦਰ ਸਿੰਘ ਵੱਲੋਂ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਤੇ ਟੀਚਰਾਂ ਦੇ ਆਗਿਆਕਾਰੀ ਬਣਨ, ਮਨ ਲਗਾ ਕੇ ਪੜ੍ਹਨ ਸਬੰਧੀ ਪ੍ਰੇਰਿਆ ਗਿਆ । ਸੈਮੀਨਾਰ ਵਿੱਚ ਸਾਂਝ ਕੇਂਦਰ ਦੇ ਸੈਕਟਰੀ ਜਸਪਾਲ ਸਿੰਘ ਸਕੂਲ ਦੇ ਟੀਚਰ ਬ੍ਰਜੇਸ਼ ਸ਼ੁਕਲਾ , ਅਮਨਦੀਪ ਸਪਰਾ ਮੈਡਮ ਸ਼ਰੂਤੀ ਅਤੇ ਸਕੂਲ ਦਾ ਹੋਰ ਸਟਾਫ ਹਾਜ਼ਰ ਸੀ।

ਸੇਂਟ ਸੋਲਜਰ ਗਰੁੱਪ ਨੇ ਮਨਾਇਆ 'ਅੰਤਰਰਾਸ਼ਟਰੀ ਧੀ ਦਿਵਸ'

ਜਲੰਧਰ (ਇਕਬਾਲ ਸਿੰਘ ਉੱਭੀ)—ਧੀਆਂ ਨੂੰ ਮਾਂ ਦੁਰਗਾ ਅਤੇ ਮਾਂ ਲਕਸ਼ਮੀ ਦਾ ਰੂਪ

ਮੰਨਿਆ ਜਾਂਦਾ ਹੈ। ਹਰ ਘਰ ਵਿੱਚ ਧੀਆਂ ਨੂੰ ਪੁੱਤਰਾਂ ਨਾਲੋਂ ਵੱਡਾ ਦਰਜਾ ਦਿੱਤਾ ਜਾਂਦਾ ਹੈ। ਉਂਝ ਧੀਆਂ ਹੋਣ ਦੀ ਖੁਸ਼ੀ ਇੱਕ ਦਿਨ ਨਹੀਂ ਸਗੋਂ ਸਾਲ ਦੇ ਪੂਰੇ ਦਿਨ ਮਨਾਈ ਜਾਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਮਨਾਏ ਗਏ 'ਅੰਤਰਰਾਸ਼ਟਰੀ ਧੀਆਂ ਦਿਵਸ' ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਇਹ ਦਿਨ ਲੋਕਾਂ ਦੀ ਸੋਚ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਮਨਾਇਆ ਜਾਂਦਾ ਹੈ। ਸਮਾਜ ਵਿੱਚ ਪ੍ਰਚੱਲਤ ਲੜਕੀਆਂ ਨਾਲ ਸਬੰਧਤ ਬੁਰਾਈਆਂ ਨੂੰ ਜੜ੍ਹੋਂ ਪੁੱਟਣ ਲਈ 'ਧੀ ਦਿਵਸ' ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਇਸ ਮੌਕੇ ਛੋਟੀਆਂ ਵਿਦਿਆਰਥਣਾਂ ਦੇ ਫੈਂਸੀ ਡਰੈੱਸ ਮੁਕਾਬਲੇ ਵੀ ਕਰਵਾਏ ਗਏ। ਇਸ ਦੌਰਾਨ ਵਿਦਿਆਰਥੀਆਂ ਨੇ ਰੰਗ-ਬਿਰੰਗੀਆਂ ਪੁਸ਼ਾਕਾਂ ਸਜਾ ਕੇ ਮਾਡਲਿੰਗ, ਸੋਲੋ ਗੀਤ, ਗਿੱਧਾ ਆਦਿ ਵਿੱਚ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਤ 'ਚ ਸ਼੍ਰੀਮਤੀ ਚੋਪੜਾ ਨੇ ਆਪਣੇ ਸੰਦੇਸ਼ 'ਚ ਲੜਕੀਆਂ ਦੀ ਸਿੱਖਿਆ 'ਤੇ ਜ਼ੋਰ ਦਿੱਤਾ ਅਤੇ ਸਾਰੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਨੂੰ ਵੀ ਪੁੱਤਰਾਂ ਦੇ ਬਰਾਬਰ ਮੌਕੇ ਪ੍ਰਦਾਨ ਕਰਨ।

ਸ੍ਰੀ ਇਲਮ ਚੰਦ ਸਰਵਹਿੱਤਕਾਰੀ ਛੋਕਰਾਂ ਦੇ ਵਿਦਿਆਰਥੀਆਂ ਨੇ ਮੁਕਾਬਲੇ 'ਚ ਮਾਰੀਆਂ ਮੱਲਾਂ

ਫਿਲੌਰ, (ਨਿਰਮਲ)-ਸਰਵਹਿੱਤਕਾਰੀ ਸਿੱਖਿਆ ਸਮਿਤੀ ਵੱਲੋਂ ਪੰਜਾਬ ਪੱਧਰ 'ਤੇ ਐਥਲੈਟਿਕਸ ਦੇ ਮੁਕਾਬਲੇ 22,23 ਅਤੇ 24 ਸਤੰਬਰ ਨੂੰ ਦਯਾਨੰਦ ਸਿਲਵਰ ਸਿਟੀ ਸਕੂਲ ਨਾਭਾ ਵਿਖੇ ਕਰਵਾਏ ਗਏ, ਜਿਸ ਵਿੱਚ ਸ੍ਰੀ ਇਲਮ ਚੰਦ ਸਰਵਹਿੱਤਕਾਰੀ ਛੋਕਰਾਂ ਦੇ ਵਿਦਿਆਰਥੀਆਂ ਨੇ ਐਥਲੈਟਿਕਸ ਮੁਕਾਬਲਿਆਂ ਵਿੱਚ ਜਲੰਧਰ ਜ਼ਿਲ੍ਹੇ ਦੀ ਅਗਵਾਈ ਕੀਤੀ। ਲੜਕੇ ਅਤੇ ਲੜਕੀਆਂ ਨੇ 7 ਗੋਲਡ ਮੈਡਲ,3 ਸਿਲਵਰ ਮੈਡਲ ਅਤੇ 3 ਬਰਾਉਨ ਮੈਡਲ ਪ੍ਰਾਪਤ ਕੀਤੇ।। ਜੇਤੂ ਵਿਦਿਆਰਥੀਆਂ ਨੂੰ ਮੈਡਲ , ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਮੁੱਖੀ ਗੁਰਜੀਤ ਸਿੰਘ ਨੇ ਖਿਡਾਰੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਮਾਪਿਆਂ , ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅਪੀਲ ਕੀਤੀ ਕਿ ਸਾਨੂੰ ਆਪਣੇ ਸਰਵਪੱਖੀ ਵਿਕਾਸ ਲਈ ਖੇਡਾਂ ਨੂੰ ਆਪਣੇ ਜੀਵਨ ਦਾ ਜਰੂਰੀ ਹਿੱਸਾ ਬਣਾਉਣਾ ਚਾਹੀਦਾ ਹੈ।

ਆਹਲੂਵਾਲੀਆ ਬਣੇ ਜਿਲ੍ਹਾ ਪ੍ਰਧਾਨ ਤੇ ਸੋਹਲ ਜਨਰਲ ਸਕੱਤਰ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)

ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ (ਸਬ-ਆਫਿਸ) ਐਸੋਸੀਏਸ਼ਨ ਜਿਲ੍ਹਾ ਯੂਨਿਟ ਹੁਸ਼ਿਆਰਪੁਰ ਦੀ ਚੋਣ ਜਿਲ੍ਹਾ ਸਿੱਖਿਆ ਦਫਤਰ ਹੁਸ਼ਿਆਰਪੁਰ ਵਿਖੇ ਹੋਈ। ਇਹ ਚੋਣ ਸੂਬਾ ਪ੍ਰਧਾਨ ਅਨੀਰੁਧ ਮੋਦਗਿਲ ਦੀ ਦੇਖ-ਰੇਖ ਵਿੱਚ ਹੋਈ, ਜਿਸ 'ਚ ਫੀਲਡ ਤੋਂ ਤਹਿਸੀਲ ਪ੍ਰਧਾਨ, ਸੀਨੀਅਰ ਲੀਡਰਸ਼ਿਪ ਅਤੇ ਜਿਲ੍ਹਾ ਸਿੱਖਿਆ ਦਫਤਰ (ਐ.ਸਿ./ਸੈ.ਸਿ) ਦੇ ਕਰਮਚਾਰੀਆਂ ਨੇ ਭਾਗ ਲਿਆ। ਇਹ ਚੋਣ ਸਰਬਸੰਮਤੀ ਨਾਲ ਹੋਈ, ਜਿਸ 'ਚ ਬਿਕਰਮਜੀਤ ਸਿੰਘ ਆਹਲੂਵਾਲੀਆ ਨੂੰ ਜਿਲ੍ਹਾ ਪ੍ਰਧਾਨ, ਨਰਿੰਦਰ ਸੋਹਲ ਨੂੰ ਜਿਲ੍ਹਾ ਜਨਰਲ ਸਕੱਤਰ ਅਤੇ ਪ੍ਰਦੀਪ ਰਾਜੂ ਨੂੰ ਜਿਲ੍ਹਾ ਪ੍ਰੈਸ ਸਕੱਤਰ ਐਲਾਨਿਆ ਗਿਆ। ਇਹ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਅਨੀਰੁਧ ਮੋਦਗਿਲ ਵਲੋਂ ਕਿਹਾ ਗਿਆ ਕਿ ਉਨਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਜਿਲ੍ਹਾ ਪ੍ਰਧਾਨ ਦੀ ਡਿਊਟੀ ਨਿਭਾਈ ਜਾ ਰਹੀ ਸੀ। ਸਵੈ-ਇੱਛਾ ਨਾਲ ਉਨਾਂ ਵਲੋਂ ਜਿਲ੍ਹਾ ਪ੍ਰਧਾਨ ਦਾ ਅਹੁਦਾ ਛੱਡਦੇ ਹੋਏ ਨਵੇਂ ਸਾਥੀਆਂ ਨੂੰ ਅੱਗੇ ਲਿਆਂਦਾ ਗਿਆ ਹੈ। ਇਸ ਮੌਕੇ ਤੇ ਸਾਬਕਾ ਜਨਰਲ ਸਕੱਤਰ ਸ਼੍ਰੀ ਸੰਦੀਪ ਸ਼ਰਮਾ, ਤਹਿਸੀਲ ਪ੍ਰਧਾਨ ਸ਼੍ਰੀ ਰਜੀਵ ਰਾਜਨ, ਸ਼੍ਰੀ ਦਿਲਦਾਰ ਸਿੰਘ ਤਹਿਸੀਲ ਪ੍ਰਧਾਨ ਗੜ੍ਹਸ਼ੰਕਰ,ਸ਼੍ਰੀ ਰਵਿੰਦਰ ਕੁਮਾਰ ਭੂੰਗਾ ਇਕਾਈ ਦੇ ਪ੍ਰਧਾਨ, ਸ਼੍ਰੀ ਰਵਿੰਦਰ ਸਿੰਘ ਟਾਂਡਾ ਇਕਾਈ ਦੇ ਪ੍ਰਧਾਨ ਤੋਂ ਇਲਾਵਾ ਸ਼੍ਰੀ ਰਜਿੰਦਰ ਕੁਮਾਰ, ਬਿਸ਼ੰਭਰ ਦਾਸ, ਅਮਰੀਕ ਸਿੰਘ, ਕੁਲਵਿੰਦਰ ਸਿੰਘ, ਬਲਵੀਰ ਸਿੰਘ, ਹਰਗੁਰਪ੍ਰੀਤ ਸਿੰਘ, ਮਨੀਸ਼ ਕੁਮਾਰ, ਭੁਪਿੰਦਰ ਸਿੰਘ, ਇੰਦਰਪਾਲ ਸਿੰਘ, ਰਾਜ ਕੁਮਾਰ, ਹਰਦੀਪ ਸਿੰਘ, ਤਰਲੋਚਨ ਸਿੰਘ, ਮਨਦੀਪ ਸਿੰਘ ਮੁਕੇਰੀਆਂ, ਕਿਰਨਦੀਪ ਸਿੰਘ ਧੂਤ ਕਲਾਂ, ਮਨੀਸ਼ ਕੁਮਾਰ ਢੋਲਵਾਹਾ, ਅਸ਼ੀਸ਼ ਕੁਮਾਰ ਚੌਟਾਲਾ,

ਸ਼੍ਰੀਮਤੀ ਦੀਪਤੀ, ਸ਼੍ਰੀਮਤੀ ਹਰਜੀਤ ਕੌਰ, ਸ਼੍ਰੀਮਤੀ ਰੇਨੂ, ਸ਼੍ਰੀਮਤੀ ਪਰਮਜੀਤ ਕੌਰ, ਸ਼੍ਰੀਮਤੀ ਹਰਵਿੰਦਰ ਕੌਰ ਅਤੇ ਹੋਰ ਸਾਥੀ ਹਾਜ਼ਰ ਹੋਏ। ਬਿਕਰਮਜੀਤ ਸਿੰਘ ਆਹਲੂਵਾਲੀਆ ਵਲੋਂ ਮੌਕੇ ਸਾਬਕਾ ਜਿਲ੍ਹਾ ਪ੍ਰਧਾਨ ਅਤੇ ਮਜੂਦਾ ਸੂਬਾ ਪ੍ਰਧਾਨ ਅਨੀਰੁਧ ਮੋਦਗਿਲ ਨੂੰ ਜਿਲ੍ਹਾ ਕਮੇਟੀ ਦਾ ਚੇਅਰਮੈਨ ਅਤੇ ਸੰਦੀਪ ਸ਼ਰਮਾ ਨੂੰ ਮੁੱਖ ਸਲਾਹਕਾਰ ਐਲਾਨਿਆ ਗਿਆ। ਉਨ੍ਹਾਂ ਵਲੋਂ ਕਿਹਾ ਗਿਆ ਕਿ ਬਹੁਤ ਜਲਦੀ ਹੀ ਜਿਲ੍ਹਾ ਕਮੇਟੀ ਦਾ ਵਿਸਥਾਰ ਕੀਤਾ ਜਾਵੇਗਾ ਅਤੇ ਯੋਗ ਕਰਮਚਾਰੀਆਂ ਨੂੰ ਜੱਥੇਬੰਦੀ ਦੇ ਵੱਖ-ਵੱਖ ਅਹੁਦਿਆਂ ਤੇ ਡਿਊਟੀ ਸੌਂਪੀ ਜਾਵੇਗੀ।

ਆਈ ਵੀ ਵਰਲਡ ਸਕੂਲ 'ਚ ਫੈਂਸੀ ਫਰੋਲਿਕਸ ਮੁਕਾਬਲੇ ਕਰਵਾਏ

ਜਲੰਧਰ (ਇਕਬਾਲ ਸਿੰਘ ਉੱਭੀ)- ਆਈਵੀ ਵਰਲਡ ਸਕੂਲ, ਜੋ ਕਿ ਬੱਚਿਆਂ ਦੇ ਸਰਵੋਤਮ ਵਿਕਾਸ ਲਈ ਯਤਨਸ਼ੀਲ ਹੈ, ਨੇ ਕਿੰਡਰਗਾਰਟਨ ਦੇ ਨੌਜਵਾਨ ਵਿਦਿਆਰਥੀਆਂ ਲਈ ਫੈਂਸੀ ਫਰੋਲਿਕਸ ਮੁਕਾਬਲੇ ਕਰਵਾਏ। ਜਿਸ ਵਿੱਚ ਸਮੂਹ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੇ ਸ਼

27-SEP-PAGE-10.qxd 9/26/2023 9:41 PM Page 1

ਜ਼ਿਲ੍ਹਾ ਪੁਲਸ ਵੱਲੋਂ ਮਾੜੇ ਅਨਸਰਾਂ ਖਿਲਾਫ਼ ਜਾਰੀ ਮੁਹਿੰਮ ਨੂੰ ਵੱਡੀ ਸਫ਼ਲਤਾ

ਮੱਖੂ (ਰਛਪਾਲ ਸਿੰਘ ਸੰਧੂ)

ਦੀਪਕ ਹਿਲੌਰੀ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਸ ਫ਼ਿਰੋਜ਼ਪੁਰ ਨੇ ਦੱਸਿਆ ਗਿਆ ਕਿ ਪੰਜਾਬ ਸਰਕਾਰ ਤੇ ਡੀ.ਜੀ.ਪੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸਰਾਰਤੀ ਅਨਸਰਾਂ ਦੀਆ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ, ਜਿਸ ਵਿੱਚ ਵਿਸ਼ੇਸ਼ ਤੌਰ ਨਸ਼ਾ ਤਸਕਰਾਂ ਖਿਲਾਫ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਸਬੰਧੀ ਜ਼ਿਲ੍ਹਾ ਪੁਲਸ ਦੁਆਰਾ ਜਿਨ੍ਹਾਂ ਦੇ ਸਮੂਹ ਗ਼ਜ਼ਟਿਡ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ਼ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨਵੈ:) ਫ਼ਿਰੋਜ਼ਪੁਰ ਤੇ ਸ੍ਰੀ ਗੁਰਦੀਪ ਸਿੰਘ ਡੀ.ਐਸ.ਪੀ ਜੀਰਾ ਦੀ ਨਿਗਰਾਨੀ ਹੇਠ ਇੰਸਪੈਕਟਰ ਗੁਰਪ੍ਰੀਤ ਸਿੰਘ ਮੁੱਖ ਅਫ਼ਸਰ ਥਾਣਾ ਮੱਖੂ ਦੇ ਹੱਥ ਵੱਡੀ ਸਫ਼ਲਤਾ ਲੱਗੀ, ਜਦੋਂ ਉਹ ਸਮੇਤ ਪੁਲਸ ਕੁਮਚਾਰੀਆਂ ਗਸ਼ਤ ਦੇ ਸਬੰਧ ਵਿੱਚ ਡਾ. ਰਣਜੀਤ ਸਿੰਘ ਚੌਕ ਮੱਖੂ ਤੋਂ ਰੇਲਵੇ ਫਾਟਕ ਪਾਸ ਪਹੁੰਚੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋ ਮੋਨੇ ਨੌਜਵਾਨ ਜੋ ਮੋਟਰਸਾਇਕਲ ਨੰਬਰ ਪੀ.ਬੀ-25-7517 ਮਾਰਕਾ ਪਲਟੀਨਾ 'ਤੇ ਆਏ ਹਨ ਤੇ ਸ਼ਮਸ਼ਾਨਘਾਟ ਦੇ ਪਾਸ ਖੜ੍ਹੇ ਕਿਸੇ ਨੂੰ ਹੈਰੋਇਨ ਦੀ ਖੇਪ ਦੇਣ ਦਾ ਇੰਤਜ਼ਾਰ ਕਰ ਰਹੇ ਹਨ, ਜਦ ਇੰਸਪੈਕਟਰ ਗੁਰਪ੍ਰੀਤ ਸਿੰਘ ਸਮੇਤ ਪੁਲਸ ਪਾਰਟੀ ਸ਼ਮਸ਼ਾਨਘਾਟ ਪਾਸ ਪੁੱਜੇ ਤਾਂ ਦੋਹਾਂ ਨੌਜਵਾਨਾਂ ਨੂੰ ਕਾਬੂ ਕੀਤਾ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਨੇ ਕਾਲੇ ਰੰਗ ਦੀ ਕਿੱਟ ਮੋਢੇ 'ਤੇ ਪਾਈ ਹੋਈ ਸੀ, ਜਿਨ੍ਹਾਂ ਨੇ ਆਪਣਾ ਨਾਂਅ ਹਰਜਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਗੋਰਸੀਆ ਖਾਨ ਮੁਹੰਮਦ ਥਾਣਾ ਸਿੱਧਵਾਂ ਬੇਟ ਤੇ ਦੂਜੇ ਨੇ ਆਪਣਾ ਨਾਂਅ ਨਿਰਮਲ ਸਿੰਘ ਪੁੱਤਰ ਪੱਪੂ ਸਿੰਘ ਵਾਸੀ ਛੀਹਨੇ ਵਾਲੇ ਝੁੱਗੇ (ਚਾਂਦੀ ਵਾਲਾ) ਥਾਣਾ ਸਦਰ ਫ਼ਿਰੋਜ਼ਪੁਰ ਦੱਸਿਆ।

ਇਨ੍ਹਾਂ ਦੋਹਾਂ ਦੀ ਜ਼ਾਬਤਾ ਅਨੁਸਾਰ ਤਲਾਸ਼ੀ ਲੈਣ 'ਤੇ ਹਰਜਿੰਦਰ ਸਿੰਘ ਉਕਤ ਦੇ ਮੋਢੇ 'ਤੇ ਪਾਈ ਕਿੱਟ ਨੂੰ ਚੈਕ ਕਰਨ 'ਤੇ ਉਸ ਵਿੱਚੋਂ ਮੋਮੀ ਪਾਰਦਰਸ਼ੀ ਲਿਫ਼ਾਫ਼ਾ ਮਿਲਿਆ, ਜਿਸ ਨੂੰ ਚੈੱਕ ਕਰਨ 'ਤੇ ਉਸ ਵਿੱਚੋਂ 02 ਕਿਲੋ ਹੈਰੋਇਨ ਬਰਾਮਦ ਹੋਈ, ਜਿਸ 'ਤੇ ਦੋਸ਼ੀ ਹਰਜਿੰਦਰ ਸਿੰਘ ਤੇ ਨਿਰਮਲ ਸਿੰਘ ਉਕਤਾਨ ਦੇ ਖਿਲਾਫ਼ ਮੁਕੱਦਮਾ ਨੰਬਰ 166 ਮਿਤੀ 25-09-2023 ਅਧ 21 ਐਨ.ਡੀ.ਪੀ.ਐਸ. ਐਕਟ ਥਾਣਾ ਮੱਖੂ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਨਸ਼ੇ ਦੇ ਸੋਰਸ 'ਤੇ ਪਹੁੰਚਦੇ ਟਿਕਾਣਿਆਂ ਦਾ ਪਤਾ ਲਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੰਗਰੂਰ 'ਚ 2 ਨੂੰ ਸੂਬਾ ਪੱਧਰੀ ਰੈਲੀ

ਜਗਰਾਓਂ (ਅਮਿਤ ਖੰਨਾ)-ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੋਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ 'ਤੇ ਹੱਲਾ ਬੋਲਣ ਲਈ ਪ੍ਰੋਗਰਾਮ ਉਲੀਕ ਲਿਆ ਹੈ ਤੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 2 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ। ਉਪਰੋਕਤ ਜਾਣਕਾਰੀ ਯੂਨੀਅਨ ਦੀ ਜ਼ਿਲਾ ਪ੍ਰਧਾਨ ਗੁਰਅਮ੍ਰਿਤ ਕੌਰ ਲੀਹਾਂ ਤੇ ਬਲਾਕ ਪ੍ਰਧਾਨ ਮਨਜੀਤ ਕੌਰ ਢਿੱਲੋਂ ਬਰਸਾਲ ਨੇ ਦਿੱਤੀ। ਉਨ੍ਹਾਂ ਕਿਹਾ ਕਿ 2 ਅਕਤੂਬਰ 1975 ਨੂੰ ਕੇਂਦਰ ਸਰਕਾਰ ਨੇ ਆਈ ਸੀ ਡੀ ਐੱਸ ਸਕੀਮ ਸ਼ੁਰੂ ਕੀਤੀ ਸੀ ਤੇ ਇਸ ਸਕੀਮ ਨੂੰ ਚੱਲਦਿਆਂ ਲਗਭਗ 48 ਸਾਲ ਬੀਤ ਚੁੱਕੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਐਨਾ ਸਮਾਂ ਬੀਤਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅੱਖੋਂ ਪਰੋਖੇ ਕਰੀ ਰੱਖਿਆ ਤੇ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ, ਜਿਸ ਕਰਕੇ ਜਥੇਬੰਦੀ ਨੂੰ ਭਾਰੀ ਸੰਘਰਸ਼ਾਂ ਵਿੱਚੋਂ ਗੁਜ਼ਰਨਾ ਪਿਆ ਹੈ ਤੇ ਜੇਲ੍ਹਾਂ ਤੱਕ ਜਾਣਾ ਪਿਆ। ਉਨ੍ਹਾਂ ਕਿਹਾ ਕਿ ਡੇਢ ਸਾਲ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਨਾਲ ਇੱਕ ਵਾਰ ਵੀ ਮੀਟਿੰਗ ਨਹੀਂ ਕੀਤੀ, ਜਦੋਂਕਿ ਵਰਕਰਾਂ ਤੇ ਹੈਲਪਰਾਂ ਸਾਲ ਭਰ ਤਨਖਾਹਾਂ ਨੂੰ ਵੀ ਤਰਸਦੀਆਂ ਰਹੀਆਂ ਹਨ ਤੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਉਨ੍ਹਾਂ ਕਿਹਾ ਕਿ ਹੁਣ ਜਥੇਬੰਦੀ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਲਈ ਤਿਆਰ ਹੈ ਤੇ ਵਰਕਰਾਂ ਤੇ ਹੈਲਪਰਾਂ ਸਰਕਾਰ ਦੀ ਕਿਸੇ ਘੁਰਕੀ ਤੋਂ ਨਹੀਂ ਡਰਦੀਆਂ। ਇਸ ਮੌਕੇ ਖੁਸਵਿੰਦਰ ਕੌਰ ਮੀਤ ਪ੍ਰਧਾਨ ਮਧੇਪੁਰ ਸਰਬਜੀਤ ਕੌਰ ਵਿਰਕ ਪ੍ਰੈੱਸ ਸਕੱਤਰ ਕਰਮਜੀਤ ਕੌਰ ਸਦਰਪੁਰਾ, ਅਮਰਜੀਤ ਕੌਰ ਬਣੀਏਂਵਾਲ, ਜਸਵੀਰ ਕੌਰ ਬਲੀਪੁਰ, ਅਮਨਦੀਪ ਕੌਰ ਗਾਲਿਬ, ਪਰਮਜੀਤ ਕੌਰ ਬਜ਼ੁਰਗ, ਤਰਸੇਮ ਕੌਰ ਗਿੰਦੜਵਿੰਡੀ ਤੇ ਗੀਤਾ ਗਿੰਦੜਵਿੰਡੀ ਆਦਿ ਆਗੂ ਮੌਜੂਦ ਸਨ।

ਨਹਿਰੀ ਪਾਣੀ ਨੂੰ ਲੈ ਕੇ ਧਰਨਾਕਾਰੀਆਂ ਦੀ ਮੰਤਰੀ ਨਾਲ ਮੀਟਿੰਗ ਰਹੀ ਬੇਸਿੱਟਾ

■ ਅੱਜ ਰੋਸ ਮਾਰਚ ਕਰਕੇ ਫੂਕਿਆ ਜਾਵੇਗਾ ਮੁੱਖ ਮੰਤਰੀ ਦਾ ਪੁਤਲਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਮੁੱਖ ਮੰਤਰੀ ਦਫਤਰ ਅੱਗੇ ਲੱਗੇ ਪੱਕੇ ਮੋਰਚੇ ਦੇ ਛੇਵੇਂ ਦਿਨ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਸੈਕਟਰੀ ਕ੍ਰਿਸ਼ਨ ਕੁਮਾਰ ਨਾਲ ਸੈਕਟਰੀਏਟ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਬੇਸਿੱਟਾ ਰਹੀ। ਮੰਤਰੀ ਨੇ ਸਾਰੇ ਮਾਮਲੇ ਦੀ ਜਾਣਕਾਰੀ ਲੈ ਕੇ ਅਗਲੇ ਦਿਨਾਂ ਵਿੱਚ ਮੀਟਿੰਗ ਕਰਨ ਦਾ ਭਰੋਸਾ ਦਿੱਤਾ। ਮੀਟਿੰਗ ਬੇਸਿੱਟਾ ਰਹਿਣ 'ਤੇ ਸੰਘਰਸ਼ ਕਮੇਟੀ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ 27 ਸਤੰਬਰ ਨੂੰ ਧੂਰੀ ਵਿਖੇ ਰੋਸ ਮਾਰਚ ਕਰਕੇ ਮੁੱਖ ਮੰਤਰੀ ਦਾ ਪੁਤਲਾ ਫੂਕਣ ਤੇ ਦਿਨ-ਰਾਤ ਦਾ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ। ਮੀਟਿੰਗ ਵਿੱਚ ਸੰਘਰਸ਼ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਮੱਘਰ ਸਿੰਘ ਭੂਦਨ, ਸੁਖਵਿੰਦਰ ਸਿੰਘ ਚੂੰਘਾਂ, ਬੀਕੇਯੂ ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸ਼ਾ ਸ਼ਾਮਲ ਸਨ।

ਉੱਧਰ ਮੁੱਖ ਮੰਤਰੀ ਦਫਤਰ ਅੱਗੇ ਸਟੇਜ ਦੀ ਕਾਰਵਾਈ 6ਵੇਂ ਦਿਨ ਜਾਰੀ ਰਹੀ, ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਨਿਕੰਮੀ ਪੰਜਾਬ ਸਰਕਾਰ ਦੀ ਸੁਸਤ ਚਾਲ ਤੇ ਦਿੱਲੀ ਵਾਲਿਆਂ ਦੇ ਵਿਆਹ ਭੁਗਤਾਉਣ 'ਤੇ ਤਿੱਖੇ ਤੰਜ ਕੱਸੇ। ਪਿੰਡਾਂ ਵਿੱਚੋਂ ਲੰਗਰਾਂ ਦੀ ਸੇਵਾ ਲਈ ਮੋਰਚੇ ਨੂੰ ਵੱਡਾ ਸਹਿਯੋਗ ਦਾਨੀ ਸੱਜਣਾਂ ਵੱਲੋਂ ਲਗਾਤਾਰ ਮਿਲ ਰਿਹਾ ਹੈ। ਅੱਜ ਦੇ ਮੁੱਖ ਬੁਲਾਰੇ ਨਿਰਮਲ ਸਿੰਘ ਘਨੌਰ ਕਲਾਂ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਚਮਕੌਰ ਸਿੰਘ ਹਥਨ, ਭਜਨ ਸਿੰਘ ਢੱਡਰੀਆਂ, ਜਸਵੀਰ ਸਿੰਘ ਸਾਹੋਕੇ, ਲਾਭ ਸਿੰਘ ਨੱਥੋਹੇੜੀ, ਦਰਸ਼ਨ ਸਿੰਘ ਕੁੰਨਰਾਂ, ਸੁਖਦੇਵ ਸਿੰਘ ਉੱਭਾਵਾਲ, ਮਾਨ ਸਿੰਘ ਸੱਦੋਪੁਰ, ਹਰਦਮ ਸਿੰਘ ਰਾਜੋਮਾਜਰਾ, ਗੁਰਜੀਤ ਸਿੰਘ ਭੜੀ ਮਾਨਸਾ, ਬਾਬੂ ਸਿੰਘ ਮੂਲੋਵਾਲ, ਮਲਕੀਤ ਸਿੰਘ ਹੇੜੀਕੇ, ਗੁਰਮੇਲ ਸਿੰਘ ਟਿੱਬਾ, ਮਲਕੀਤ ਸਿੰਘ ਬਲਾਕ ਪ੍ਰਧਾਨ ਸ਼ੇਰਪੁਰ, ਬਲਵਿੰਦਰ ਸਿੰਘ ਜੱਖਲਾਂ, ਨਛੱਤਰ ਸਿੰਘ ਬਮਾਲ, ਕਰਮਜੀਤ ਸਿੰਘ ਸਤੀਪੁਰ, ਬਲਵੰਤ ਸਿੰਘ ਛੰਨਾਂ, ਹਰਜਿੰਦਰ ਸਿੰਘ ਬੜੀ, ਜੀਤ ਸਿੰਘ ਜਹਾਂਗੀਰ, ਮਲਕੀਤ ਸਿੰਘ, ਮਲਕੀਤ ਸਿੰਘ ਬਡਬਰ ਪੱਕੇ ਮੋਰਚੇ 'ਚ ਵੱਡੀ ਗਿਣਤੀ ਸਾਥੀਆਂ ਸਮੇਤ ਹਾਜ਼ਰ ਰਹੇ ਤੇ ਸਟੇਜ ਤੋਂ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਦੀ ਭੂਮਿਕਾ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜਰਨਲ ਸਕੱਤਰ ਪਰਮੇਲ ਸਿੰਘ ਹਥਨ ਨੇ ਨਿਭਾਈ।

ਕਾਤਰਾਂ

ਪ੍ਰਸਿੱਧ ਢਾਡੀ ਭਾਈ ਭਾਨ ਸਿੰਘ ਭੌਰਾ ਦਾ ਦੇਹਾਂਤ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੇ ਨਿੱਜੀ ਮਿੱਤਰ ਸੀਨੀਅਰ ਅਕਾਲੀ ਆਗੂ ਤੇ ਪੰਜਾਬ ਦੇ ਪ੍ਰਸਿੱਧ ਢਾਡੀ ਭਾਈ ਭਾਨ ਸਿੰਘ ਭੌਰਾ ਲੌਂਗੋਵਾਲ (75) ਦਾ ਸੋਮਵਾਰ ਦਿਹਾਂਤ ਹੋ ਗਿਆ, ਉਹ ਕਾਫੀ ਦਿਨਾਂ ਤੋਂ ਬੀਮਾਰ ਚੱਲੇ ਆ ਰਹੇ ਸਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਜਸਵੰਤ ਸਿੰਘ ਖਹਿਰਾ, ਭਾਈ ਬਲਵਿੰਦਰ ਸਿੰਘ ਲੌਂਗੋਵਾਲ, ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ ਲੌਂਗੋਵਾਲ, ਹਰਮੇਸ਼ ਸਿੰਘ ਸਿੱਧੂ, ਪ੍ਰਿੰ. ਹਰਪ੍ਰੀਤ ਸਿੰਘ, ਸੂਬਾ ਸਕੱਤਰ ਬਿੰਦਰਪਾਲ ਸ਼ਰਮਾ, ਡਾ. ਰੂਪ ਸਿੰਘ ਸ਼ੇਰੋਂ, ਡਾ. ਕੇਵਲ ਸਿੰਘ ਸ਼ੇਰੋਂ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਕਾ. ਬੀਬੀ ਸ਼ਮਿੰਦਰ ਕੌਰ, ਨੰਬਰਦਾਰ ਰੁਪਿੰਦਰ ਸਿੰਘ ਦੁੱਲਟ, ਭਾਈ ਲਖਵਿੰਦਰ ਸਿੰਘ ਭਾਲ, ਸਾਬਕਾ ਪ੍ਰਧਾਨ ਗੀਤੂ ਗੋਇਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਢਿੱਲੋਂ ਤੇ ਹੋਰ ਵੱਖ-ਵੱਖ ਪਾਰਟੀਆਂ ਦੇ ਆਗੂਆਂ ਅਤੇ ਪ੍ਰੈੱਸ ਕਲੱਬ ਲੌਂਗੋਵਾਲ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਉਨ੍ਹਾ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਗਣੇਸ਼ ਦੀ ਮੂਰਤੀ ਜਲ ਵਿਸਰਜਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ੍ਰੀ ਗਣਪਤੀ ਸੇਵਾ ਮੰਡਲ ਬਾਘਾ ਪੁਰਾਣਾ ਵਲੋਂ ਇਸ ਵਾਰ ਸ੍ਰੀ ਗਣਪਤੀ ਮਹਾਂਉਤਸਵ ਬਹੁਤ ਹੀ ਧੂਮਧਾਮ ਨਾਲ ਸਮੂਹ ਸ਼ਹਿਰ ਨਿਵਾਸੀਆਂ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ 19 ਤੋਂ 25 ਸਤੰਬਰ ਤੱਕ ਮਨਾਇਆ ਗਿਆ। ਮੰਡਲ ਵਲੋਂ ਸਵੇਰੇ-ਸ਼ਾਮ ਸ੍ਰੀ ਗਣੇਸ਼ ਦਾ ਪੂਜਨ ਕੀਤਾ ਗਿਆ, ਉਪਰੰਤ ਸਵੇਰੇ ਸਥਾਨਕ ਜਨਤਾ ਧਰਮਸ਼ਾਲਾ ਨਿਹਾਲ ਸਿੰਘ ਵਾਲਾ ਰੋਡ ਵਿਖੇ 7 ਵਜੇ ਤੋਂ 9 ਵਜੇ ਤੱਕ ਹਵਨ ਯੱਗ ਕਰਵਾਇਆ ਗਿਆ। ਇਸ ਉਪਰੰਤ ਸ੍ਰੀ ਗਣੇਸ਼ ਦੀ ਮੂਰਤੀ ਜਲ ਵਿਸਰਜਨ ਕਰਨ ਤੋਂ ਪਹਿਲਾਂ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਦੀ ਪ੍ਰੀਕਰਮਾ ਕੀਤੀ ਗਈ। ਅੰਤ 'ਚ ਮੁੱਦਕੀ ਰੋਡ ਉੱਪਰ ਸਥਿਤ ਐਕਸਿਸ ਬੈਂਕ ਤੋਂ ਸ੍ਰੀ ਗਣੇਸ਼ ਦੀ ਮੂਰਤੀ ਨੂੰ ਵਾਜਾ ਭਾਈਕਾ ਮੁੱਦਕੀ ਵਿਖੇ ਜਲ ਵਿਸਰਜਨ ਲਈ ਰਵਾਨਾ ਕੀਤਾ ਗਿਆ।

ਦੂਜਾ ਰਾਜ ਪੱਧਰੀ ਸਾਹਿਤਕ ਸਮਾਗਮ ਪਹਿਲੀ ਨੂੰ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਮਨਪ੍ਰੀਤ ਕੌਰ ਸੰਧੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਮੇਲਾ ਰੂਹਾਂ ਦਾ ਅੰਤਰਰਾਸ਼ਟਰੀ ਸਾਹਿਤਕ ਪਰਵਾਰ ਰਾਹੀਂ ਸ਼ੁਰੂ ਕੀਤੀ ਮੁਹਿੰਮ ਨੂੰ ਅੱਗੇ ਤੋਰਦਿਆਂ ਹੁਣ ਇੱਕ ਅਕਤੂਬਰ ਨੂੰ ਸਵੇਰੇ ਦਸ ਵਜੇ ਤੋਂ ਦੁਪਹਿਰ ਦੋ ਵਜੇ ਤੱਕ ਰਾਜ ਪੱਧਰੀ ਦੂਜਾ ਸਾਹਿਤਕ ਸਮਾਗਮ ਬਾਬਾ ਬਲਵਿੰਦਰ ਸਿੰਘ ਚਾਹਲ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਪ੍ਰੀਤ ਸਿੰਘ ਸੋਨੀ ਬਾਬਾ ਜੀ (ਬਾਬਾ ਸੋਨੀ ਸੇਵਾ ਆਸ਼ਰਮ ਵਾਲਿਆਂ) ਦੀ ਦੇਖ-ਰੇਖ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਪੰਜਾਬ ਭਰ 'ਚੋਂ ਸਾਹਿਤਕਾਰ, ਕਵੀ ਬੁੱਧੀਜੀਵੀ, ਗੀਤਕਾਰ ਅਤੇ ਗਾਇਕ ਪਹੁੰਚ ਕੇ ਆਪੋ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਇਸ ਸਮੇਂ ਫਰੀਦਕੋਟ ਦੀ ਬਲੱਡ ਡੋਨੇਸ਼ਨ ਸੰਸਥਾ ਵੱਲੋਂ ਬਲੱਡ ਕੈਂਪ ਵੀ ਲਗਾਇਆ ਜਾਵੇਗਾ ਅਤੇ ਪੌਦਿਆਂ ਦਾ ਲੰਗਰ ਵੀ ਲਗਾਇਆ ਜਾਵੇਗਾ।

ਮੁੱਦਕੀ ਦੇ ਪਟਵਾਰਖਾਨੇ ਦੇ ਦਫਤਰ ਨੂੰ ਲੱਗਾ ਤਾਲਾ, ਲੋਕ ਪ੍ਰੇਸ਼ਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮੁੱਦਕੀ ਦੇ ਪਟਵਾਰ ਖਾਨੇ ਵਿੱਚ ਪਟਵਾਰੀ ਨਾ ਹੋਣ ਕਾਰਨ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਮੁੱਦਕੀ ਦੇ ਵਾਇਸ ਪ੍ਰਧਾਨ ਟਰੇਡ ਵਿੰਗ ਵਰਿੰਦਰ ਸ਼ਰਮਾ ਨੇ ਦੱਸਿਆ ਕਿ ਜਦੋਂ ਲੋਕ ਆਪਣਾ ਕੋਈ ਕੰਮ ਪਟਵਾਰ ਖਾਨੇ ਵਿੱਚ ਜਾਂਦੇ ਹਨ ਤਾਂ ਅੱਗੋਂ ਦਫਤਰ ਨੂੰ ਤਾਲਾ ਲੱਗਾ ਹੋਇਆ ਮਿਲਦਾ ਹੈ, ਜਿਸ ਕਾਰਨ ਉਨ੍ਹਾਂ ਦੇ ਕੰਮ ਅਟਕੇ ਹੋਏ ਹਨ। ਵਰਿੰਦਰ

27-Sep-PAGE-11.qxd 9/26/2023 10:24 PM Page 1

ਗੁਰਦੁਆਰਾ ਸੀਸਗੰਜ ਸਾਹਿਬ ਨੂੰ ਜਾਣ ਵਾਲੇ ਸ਼ਰਧਾਲੂਆਂ ਦੀਆਂ ਗੱਡੀਆਂ ਦੇ 1 ਕਰੋੜ ਦੇ ਚਲਾਨ ਕੱਟੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਦਿੱਲੀ ਟ੍ਰੈਫਿਕ ਪੁਲਿਸ ਵੱਲੋਂ ਆਪਣੀਆਂ ਗੱਡੀਆਂ ਵਿੱਚ ਗੁਰਦੁਆਰਾ ਸੀਸਗੰਜ ਸਾਹਿਬ, ਚਾਂਦਨੀ ਚੌਕ ਜਾਣ ਵਾਲੇ ਸ਼ਰਧਾਲੂਆਂ ਨੂੰ ਕਥਿਤ 'ਨੋ ਐਂਟਰੀ' ਆਦੇਸ਼ ਦੀ ਉਲੰਘਣਾ ਦੇ ਤਹਿਤ ਭੇਜੇ ਜਾ ਰਹੇ ਚਲਾਨਾਂ ਨੂੰ ਰੱਦ ਕਰਨ ਦੀ ਜਾਗੋ ਪਾਰਟੀ ਨੇ ਮੰਗ ਕੀਤੀ ਹੈ। ਜਾਗੋ ਪਾਰਟੀ ਦੇ ਇੰਟਰਨੈਸ਼ਨਲ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਇਸ ਸਬੰਧੀ ਦਿੱਲੀ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਗੁਰਦੁਆਰਾ ਸੀਸਗੰਜ ਸਾਹਿਬ ਦੀ ਕਾਰ ਪਾਰਕਿੰਗ ਵਿੱਚ ਜਾਣ ਵਾਲੀਆਂ ਗੱਡੀਆਂ ਦੇ ਮਾਲਕਾਂ ਨੂੰ ਦਿੱਲੀ ਟ੍ਰੈਫਿਕ ਪੁਲੀਸ ਵੱਲੋਂ ਭੇਜੇ ਗਏ ਕਥਿਤ ਨੋ ਐਂਟਰੀ ਚਲਾਨ ਰੱਦ ਕਰਨ ਅਤੇ ਗੁਰਦੁਆਰਾ ਸਾਹਿਬ ਦੇ ਬਾਹਰੋਂ ਨੋ ਐਂਟਰੀ ਜ਼ੋਨ ਹਟਾਉਣ ਦੀ ਮੰਗ ਕੀਤੀ ਹੈ। ਜੀਕੇ ਨੇ ਪੁਲਸ ਕਮਿਸ਼ਨਰ ਨੂੰ ਲਿਖੇ ਪੱਤਰ ਵਿੱਚ ਦੱਸਿਆ ਹੈ ਕਿ ਦਿੱਲੀ ਦੇ ਚਾਂਦਨੀ ਚੌਕ ਸਥਿਤ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸਗੰਜ ਸਾਹਿਬ ਦੇ ਦਰਸ਼ਨਾਂ ਲਈ ਰੋਜ਼ਾਨਾ ਆਪਣੀਆਂ ਗੱਡੀਆਂ ਵਿੱਚ ਆਉਣ ਵਾਲੀਆਂ ਸੰਗਤਾਂ ਨੂੰ ਪੁਲਸ ਵੱਲੋਂ ਰੋਕਿਆ ਜਾ ਰਿਹਾ ਹੈ।ਕਥਿਤ "ਨੋ ਐਂਟਰੀ" ਆਦੇਸ਼ ਦੀ ਉਲੰਘਣਾ ਦੇ ਕਾਰਨ ਦਿੱਲੀ ਟ੍ਰੈਫਿਕ ਪੁਲਸ ਵੱਲੋਂ 20,000 ਰੁਪਏ ਦੇ ਜੁਰਮਾਨੇ ਦੇ ਚਲਾਨ ਭੇਜੇ ਜਾ ਰਹੇ ਹਨ। ਲਗਭਗ 1 ਕਰੋੜ ਰੁਪਏ ਦੇ ਅਜਿਹੇ ਚਲਾਨ ਸ਼ਰਧਾਲੂਆਂ ਰਾਹੀਂ ਸਾਡੇ ਤੱਕ ਪਹੁੰਚ ਚੁੱਕੇ ਹਨ। ਇਸ ਵਿੱਚ ਦੋਪਹੀਆ ਤੋਂ ਚਾਰ ਪਹੀਆ ਗੱਡੀਆਂ ਦੇ ਚਲਾਨ ਵੀ ਸ਼ਾਮਲ ਹਨ। ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਪ੍ਰੈਲ 2023 ਵਿੱਚ ਲਾਲ ਕਿਲੇ ਦੇ ਮੈਦਾਨ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਕਿਹਾ ਸੀ ਕਿ, "ਇਹ ਲਾਲ ਕਿਲ੍ਹਾ ਇੰਨੇ ਕਾਲਖੰਡਾਂ ਦਾ ਗਵਾਹ ਰਿਹਾ ਹੈ। ਇਹਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਦੇਖੀ ਹੈ। ਗੁਰੂ ਤੇਗ ਬਹਾਦਰ ਸਾਹਿਬ ਔਰੰਗਜ਼ੇਬ ਦੀ ਜ਼ਾਲਮ ਸੋਚ ਦੇ ਸਾਹਮਣੇ ਚਟਾਨ ਵਾਂਗ ਖੜੇ ਸਨ। ਔਰੰਗਜ਼ੇਬ ਅਤੇ ਉਸ ਦੇ ਜ਼ਾਲਮਾਂ ਨੇ ਸਿਰ ਧੜ ਤੋਂ ਵੱਖ ਕਰ ਦਿੱਤੇ ਹੋਣ ਪਰ ਉਹ ਸਾਨੂੰ ਸਾਡੇ ਸੱਭਿਆਚਾਰ ਤੋਂ ਵੱਖ ਨਹੀਂ ਕਰ ਸਕੇ।" ਪਰ ਦੂਜੇ ਪਾਸੇ ਦਿੱਲੀ ਟ੍ਰੈਫਿਕ ਪੁਲਸ ਇਸ ਅਸਥਾਨ 'ਤੇ ਮੱਥਾ ਟੇਕਣ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਅਣਪਛਾਤੇ ਕਾਰਨਾਂ ਕਰਕੇ ਨੋ ਐਂਟਰੀ ਦੇ ਚਲਾਨ ਭੇਜ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਰਹੀ ਹੈ ਅਤੇ ਦੋਪਹੀਆ ਵਾਹਨਾਂ ਦੇ ਚਲਾਨ ਉਨ੍ਹਾਂ ਦੀ ਗੱਡੀ ਦੀ ਕੀਮਤ ਤੋਂ ਵੱਧ ਜੁਰਮਾਨੇ ਦੇ ਭੇਜੇ ਜਾ ਰਹੇ ਹਨ। ਜਦੋਂ ਕਿ ਅਸਲ ਵਿਚ ਲਾਲ ਕਿਲੇ ਤੋਂ ਫਤਿਹਪੁਰੀ ਨੂੰ ਜਾਣ ਵਾਲੀ ਸੜਕ ਨੂੰ ਦਿੱਲੀ ਟ੍ਰੈਫਿਕ ਪੁਲਸ ਨੇ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਨੋ ਐਂਟਰੀ ਜ਼ੋਨ ਐਲਾਨ ਕੀਤਾ ਹੋਇਆ ਹੈ। ਪਰ ਕੌੜਿਆਂ ਪੁਲ ਤੋਂ ਗੁਰਦੁਆਰਾ ਸੀਸਗੰਜ ਸਾਹਿਬ ਤੱਕ ਦੀ ਸੜਕ ਨੂੰ ਹੁਣ ਜ਼ਬਰਦਸਤੀ ਨੋ ਐਂਟਰੀ ਜ਼ੋਨ ਐਲਾਨਿਆ ਜਾ ਰਿਹਾ ਹੈ। ਨੋ ਐਂਟਰੀ ਜ਼ੋਨ ਬਾਰੇ ਡਰਾਈਵਰਾਂ ਨੂੰ 20000 ਰੁਪਏ ਚਾਲਾਨ ਦੀ ਚੇਤਾਵਨੀ ਦੇਣ ਵਾਲਾ ਬੋਰਡ "ਯੌਸ ਬੈਂਕ" ਦੀ ਚਾਂਦਨੀ ਚੌਕ ਬ੍ਰਾਂਚ ਦੇ ਬਾਹਰ ਲਗਾਇਆ ਗਿਆ ਹੈ, ਜੋ ਕਿ ਕੌੜਿਆਂ ਪੁਲ ਤੋਂ ਆਉਣ ਵਾਲੇ ਰਸਤੇ ਉਤੇ ਹੈ। ਕੁਝ ਸ਼ਰਧਾਲੂਆਂ ਦਾ ਇਹ ਵੀ ਮੰਨਣਾ ਹੈ ਕਿ ਇਹ ਸਾਰੀ ਕਵਾਇਦ ਟ੍ਰੈਫਿਕ ਪੁਲਿਸ ਦੇ ਕੁਝ ਲੋਕਾਂ ਵੱਲੋਂ ਗੁਰਦੁਆਰਾ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀਆਂ ਕਾਰਾਂ ਓਮੈਕਸ ਮਾਲ ਜੋ ਕਿ ਕੋਡੀਆ ਪੁਲ ਰੋਡ ਉਤੇ ਖੁੱਲ੍ਹਣ ਜਾ ਰਿਹਾ ਹੈ, ਦੀ ਕਾਰ ਪਾਰਕਿੰਗ 'ਚ ਪੈਸੇ ਦੇ ਕੇ ਮਜਬੂਰੀ ਵੱਸ ਗੱਡੀਆਂ ਖੜ੍ਹੀਆਂ ਕਰਵਾਉਣ ਦੀ ਮੰਸ਼ਾ ਨਾਲ ਕੀਤੀ ਜਾ ਰਹੀ ਹੈ। ਇਸ ਲਈ ਇਸ ਇਲਾਕੇ ਨੂੰ ਗੈਰ-ਕਾਨੂੰਨੀ ਅਤੇ ਮਨਮਾਨੇ ਢੰਗ ਨਾਲ ਨੋ ਐਂਟਰੀ ਜ਼ੋਨ ਬਣਾਇਆ ਜਾ ਰਿਹਾ ਹੈ। ਇਸ ਲਈ ਦਿੱਲੀ ਟ੍ਰੈਫਿਕ ਪੁਲਸ ਵੱਲੋਂ ਭੇਜੇ ਗਏ ਸਾਰੇ ਨੋ ਐਂਟਰੀ ਚਲਾਨ ਤੁਰੰਤ ਰੱਦ ਕੀਤੇ ਜਾਣ ਅਤੇ ਗੁਰਦੁਆਰਾ ਸਾਹਿਬ ਦੇ ਬਾਹਰ ਨੋ ਐਂਟਰੀ ਜ਼ੋਨ ਦੇ ਲੱਗੇ ਬੋਰਡ ਤੁਰੰਤ ਹਟਾਏ ਜਾਣ। ਇਹ 2025 ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆ ਰਹੇ 350ਵੇਂ ਸ਼ਹੀਦੀ ਪੁਰਬ ਤੋਂ ਪਹਿਲਾਂ ਦਿੱਲੀ ਪੁਲਿਸ ਦੀ ਇਹ ਬਹੁਤ ਵੱਡੀ ਸੇਵਾ ਹੋਵੇਗੀ।

ਜੈਪੁਰ ਰਗਸ ਨੇ 'ਰਗ ਉਤਸਵ, 2023' ਦਾ ਐਲਾਨ ਕੀਤਾ

ਲੁਧਿਆਣਾ : ਹੈਂਡੇਡ ਰਗਸ ਮੈਨੂਫ਼ੈਕਚਰਿੰਗ ਵਿੱਚ ਮਸ਼ਹੂਰ ਲੀਡਰ, ਜੈਪੁਰ ਰਗਸ, 27 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਆਪਣੇ ਸਲਾਨਾ ਰਗ ਉਤਸਵ ਦੇ ਬਹੁਤ ਚਿਰ ਤੋਂ ਉਡੀਕੇ ਜਾਣ ਵਾਲੇ 2023 ਦੇ ਐਡੀਸ਼ਨ ਦਾ ਐਲਾਨ ਕਰਦੇ ਹੋਏ ਬੇਹੱਦ ਰੋਮਾਂਚਿਤ ਹੈ। ਇਸ ਸਾਲ ਰਗ ਉਤਸਵ ਗਾਹਕਾਂ ਲਈ ਇੱਕ ਸ਼ਾਨਦਾਰ ਅਨੁਭਵ ਦੇਣ ਦਾ ਵਾਅਦਾ ਕਰਦਾ ਹੈ ਜਿਸ ਵਿੱਚ ਰਗ ਕੈਟਾਗਰੀ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਸਪੈਸ਼ਲ ਡਿਸਕਾਊਂਟ, ਪ੍ਰਤਿਭਾਸ਼ਾਲੀ ਬੁਣਕਰਾਂ ਨਾਲ ਇੰਟਰੈਕਟਿਵ ਸੈਸ਼ਨ ਅਤੇ ਜੈਪੁਰ ਰਗਜ਼ ਮੈਰੀਟੋਰੀਅਸ ਸਕਾਲਰਸ਼ਿਪ ਪ੍ਰੋਗਰਾਮ ਦੇ ਜ਼ਰੀਏ ਸਿੱਖਿਆ ਨੂੰ ਸਮਰਥਨ ਦੇਣ ਲਈ ਇੱਕ ਨੇਕ ਪਹਿਲ ਵੀ ਸ਼ਾਮਲ ਹੈ। ਗਾਹਕਾਂ ਨੂੰ ਵੱਖ-ਵੱਖ ਕਿਸਮਾਂ ਦੀਆਂ ਰਗ ਸ਼੍ਰੇਣੀਆਂ 'ਤੇ 10 ਫ਼ੀਸਦੀ ਤੋਂ ਲੈ ਕੇ 80 ਫ਼ੀਸਦੀ ਤੱਕ ਦਾ ਡਿਸਕਾਊਂਟ ਦਿੱਤਾ ਜਾ ਰਿਹਾ ਹੈ। ਜੈਪੁਰ ਰਗਸ ਦੇ ਡਾਇਰੈਕਟਰ ਯੋਗੇਸ਼ ਚੌਧਰੀ ਨੇ ਕਿਹਾ ਕਿ ਅਸੀਂ ਹਮੇਸ਼ਾ ਆਪਣੇ ਬੁਣਕਰਾਂ ਦੇ ਜੀਵਨ ਵਿੱਚ ਰੋਸ਼ਨੀ ਅਤੇ ਖੁਸ਼ੀਆਂ ਲਿਆਉਣ ਨੂੰ ਪਹਿਲ ਦਿੱਤੀ ਹੈ।

ਟਰੱਕ ਡਰਾਈਵਰਾਂ ਲਈ ਟਰਾਂਸਪੋਰਟ ਅਰੋਗਿਆਮ ਕੇਂਦਰ ਸ਼ੁਰੂ

ਲੁਧਿਆਣਾ : ਭਾਰਤ ਦੀ ਪ੍ਰਮੁੱਖ ਐਨਬੀਐੱਫਸੀ ਐੱਚਡੀਬੀ ਵਿੱਤੀ ਸੇਵਾਵਾਂ (ਐੱਚਡੀਬੀਐੱਫਐੱਸ) ਨੇ ਲੁਧਿਆਣਾ ਵਿੱਚ ਆਪਣਾ ਪੰਜਵਾਂ ਟ੍ਰਾਂਸਪੋਰਟ ਅਰੋਗਿਆਮ ਕੇਂਦਰ (ਟੀਏਕੇ) ਸ਼ੁਰੂ ਕੀਤਾ ਹੈ। ਇਹ ਮੁਹਿੰਮ ਐੱਚਡੀਬੀ ਦੇ ਸੀਐੱਸਆਰ ਪ੍ਰੋਗਰਾਮ ਅਧੀਨ ਚਲਾਈ ਜਾ ਰਹੀ ਹੈ, ਜਿਸਦਾ ਉਦੇਸ਼ ਟਰੱਕ ਡਰਾਈਵਰਾਂ ਜਿਸ ਦਾ ਟੀਚਾ ਸਾਡੀ ਆਰਥਿਕਤਾ ਦੇ ਮਹੱਤਵਪੂਰਨ ਥੰਮ੍ਹ ਹੈ, ਟਰੱਕ ਡਰਾਈਵਰਾਂ ਨੂੰ ਉਨ੍ਹਾਂ ਦੀਆਂ ਸਿਹਤ ਸਮੱਸਿਆਵਾਂ ਲਈ ਇਲਾਜ ਮੁਹੱਈਆ ਕਰਵਾਉਣਾ ਹੈ। ਹੀਰਾਨਗਰ ਦੇ ਟ੍ਰਾਂਸਪੋਰਟ ਕੇਂਦਰ ਵਿੱਚ ਮਹੱਤਵਪੂਰਣ ਸਥਾਨ ਉੱਤੇ ਸਥਿਤ, ਲੁਧਿਆਣਾ ਦੇ ਟੀਏਕੇ ਸੈਂਟਰ ਵਿੱਚ ਟਰੱਕ ਡਰਾਈਵਰਾਂ ਦੀ ਸਿਹਤ ਦੇ ਸਹੀ ਮੁਲਾਂਕਣ ਅਤੇ ਪ੍ਰਭਾਵਸ਼ਾਲੀ ਇਲਾਜ ਲਈ ਲੋੜੀਂਦੇ ਫਿਜ਼ੀਓਥੈਰੇਪੀ ਉਪਕਰਣਾਂ ਉਪਲਬਧ ਹਨ।

ਬਾਗੜੀਆਂ ਤੇ ਪੱਖੋਕੇ ਦੇ ਸਰਕਾਰੀ ਸਕੂਲਾਂ/ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਪੰਜਾਬ ਰਾਜ ਫੂਡ ਕਮਿਸਨ ਦੇ ਮੈਂਬਰ ਵਿਜੇ ਦੱਤ ਨੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਬਾਗੜੀਆਂ ਤੇ ਪੱਖੋਕੇ ਦੇ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਮਿਡ-ਡੇ-ਮੀਲ ਅਤੇ ਹੋਰ ਭਲਾਈ ਸਕੀਮਾਂ ਨੂੰ ਲਾਗੂ ਕਰਨ ਦਾ ਜਾਇਜ਼ਾ ਲਿਆ। ਉਨ੍ਹਾਂ ਪਿੰਡ ਬਾਗੜੀਆਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਚਾਰ ਆਂਗਣਵਾੜੀ ਕੇਂਦਰਾਂ ਅਤੇ ਪਿੰਡ ਪੱਖੋਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਅਤੇ ਸਰਕਾਰੀ ਪ੍ਰਾਇਮਰੀ ਸਕੂਲ (ਲੜਕੀਆਂ) ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਕਮਿਸ਼ਨ ਮੈਂਬਰਾਂ ਨੇ ਮਿਡ-ਡੇ-ਮੀਲ ਰਸੋਈ, ਭੋਜਨ ਟੈਸਟ ਰਜਿਸਟਰ, ਬੱਚਿਆਂ ਦਾ ਹਾਜ਼ਰੀ ਰਜਿਸਟਰ, ਆਟਾ, ਚਾਵਲ, ਕਮਿਸ਼ਨ ਦਾ ਹੈਲਪਲਾਈਨ ਨੰਬਰ, ਬੱਚਿਆਂ ਦੀ ਸਿਹਤ ਜਾਂਚ ਅਤੇ ਮਿਡ-ਡੇ-ਮੀਲ ਵਰਕਰਾਂ ਦੀ ਚੈਕਿੰਗ ਕੀਤੀ। ਉਨ੍ਹਾਂ ਸਕੂਲੀ ਬੱਚਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਮਿਡ-ਡੇ-ਮੀਲ ਸਬੰਧੀ ਜਾਣਕਾਰੀ ਲਈ। ਉਨ੍ਹਾਂ ਸਕੂਲ ਦੇ ਮਿਡ-ਡੇ-ਮੀਲ ਇੰਚਾਰਜ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਨੂੰ ਸਾਫ-ਸੁਥਰਾ ਭੋਜਨ ਮੁਹੱਈਆ ਕਰਵਾਇਆ ਜਾਵੇ ਅਤੇ ਖਾਣਾ ਬਣਾਉਣ ਅਤੇ ਪਰੋਸਣ ਸਮੇਂ ਸਾਫ-ਸਫਾਈ ਦਾ ਧਿਆਨ ਰੱਖਿਆ ਜਾਵੇ। ਕਮਿਸ਼ਨ ਦੇ ਮੈਂਬਰ ਨੇ ਇਸ ਗੱਲ 'ਤੇ ਵੀ ਨਾਰਾਜ਼ਗੀ ਜਾਹਰ ਕੀਤੀ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਪੱਖੋਕੇ (ਲੜਕੀਆਂ) ਨੂੰ ਛੱਡ ਕੇ ਉਪਰੋਕਤ ਸਾਰੇ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਨਹੀਂ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲਾਭਪਾਤਰੀ ਨੂੰ ਉਪਰੋਕਤ ਸਕੀਮਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈਲਪਲਾਈਨ ਨੰਬਰ 9876764-545 ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਹਰ 6 ਮਹੀਨੇ ਬਾਅਦ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਅਤੇ ਮਿਡ ਡੇ ਮੀਲ ਵਰਕਰਾਂ ਦਾ ਮੈਡੀਕਲ ਚੈਕਅੱਪ ਕਰਨ ਦੇ ਵੀ ਨਿਰਦੇਸ਼ ਦਿੱਤੇ। ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਕਿਹਾ ਕਿ ਉਹ ਸਮੇਂ-ਸਮੇਂ ਤੇ ਅਚਨਚੇਤ ਦੌਰੇ ਕਰਦੇ ਰਹਿਣਗੇ ਤਾਂ ਜੋ ਲਾਭਪਾਤਰੀਆਂ ਨੂੰ ਉਨ੍ਹਾਂ ਦਾ ਬਣਦਾ ਲਾਭ ਮਿਲਦਾ ਰਹੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਇਨ੍ਹਾਂ ਸਕੀਮਾਂ ਪ੍ਰਤੀ ਲਾਪਰਵਾਹੀ ਰੱਖਦਾ ਹੈ, ਜਿਸ ਕਾਰਨ ਲਾਭਪਾਤਰੀਆਂ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਮਜ਼ਦੂਰ ਮੁਕਤੀ ਮੋਰਚਾ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਧਰਨਾ ਪ੍ਰਦਰਸ਼ਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿੱਚ ਮਜ਼ਦੂਰ ਮੁਕਤੀ ਮੋਰਚਾ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਰੈਲੀ ਕਰਕੇ ਪ੍ਰਦਰਸ਼ਨ ਕੀਤਾ ਅਤੇ ਬੀਡੀਪੀਓ ਦਫਤਰ ਮੂਹਰੇ ਧਰਨਾ ਦਿੱਤਾ ਗਿਆ। ਰੈਲੀ ਵਿਚ ਬੋਲਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲਾ ਪ੍ਰਧਾਨ ਦਲਬੀਰ ਭੋਲਾ ਅਤੇ ਮਜ਼ਦੂਰ ਆਗੂ ਅਤੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਜ਼ਦੂਰਾਂ ਨਾਲ ਹਰ ਸੂਬਾ ਅਤੇ ਕੇਂਦਰ ਸਰਕਾਰ ਨੇ ਧੋਖਾ ਕੀਤਾ ਹੈ। ਭਾਵੇਂ ਖੱਬੀਆਂ ਧਿਰਾਂ ਦੇ ਯਤਨਾਂ ਸਦਕਾ 2005 ਵਿੱਚ ਮਜ਼ਦੂਰਾਂ ਨੂੰ ਰੋਜ਼ਗਾਰ ਦੇਣ ਲਈ ਮਨਰੇਗਾ ਕਾਨੂੰਨ ਬਣਵਾਇਆ ਗਿਆ ਸੀ ਪਰ ਬੀਤੇ 18 ਸਾਲਾਂ ਵਿਚ 1800 ਦਿਨ ਕੰਮ ਮਜ਼ਦੂਰਾਂ ਨੂੰ ਮਿਲਣਾ ਚਾਹੀਦਾ ਸੀ ਪਰ ਔਸਤਨ ਇਨ੍ਹਾਂ ਸਾਲਾਂ ਵਿਚ ਇਕ ਪਰਿਵਾਰ ਨੂੰ 200 ਦਿਨ ਦਾ ਕੰਮ ਵੀ ਨਹੀਂ ਮਿਲਿਆ, ਮਨਰੇਗਾ ਦਾ ਜ਼ਿਆਦਾਤਰ ਪੈਸਾ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਿਆ ਹੈ, ਬਹੁਤ ਸਾਰੇ ਪਰਿਵਾਰਾਂ ਨੂੰ ਕੀਤੇ ਕੰਮ ਦੇ ਪੈਸੇ ਵੀ ਅਦਾ ਨਹੀਂ ਕੀਤੇ ਜਾਂਦੇ, ਹਰ ਸਰਕਾਰ ਨੇ ਬੇਘਰਿਆਂ ਨੂੰ ਪਲਾਟ ਦੇਣ ਦਾ ਵਾਅਦਾ ਅਤੇ ਗਰੰਟੀਆਂ ਦਾ ਦਾਅਵਾ ਕਰਕੇ ਵੀ ਬੇਘਰਿਆਂ ਨੂੰ ਸਰਸਾਹੀ ਥਾਂ ਨਹੀਂ ਦਿੱਤੀ। ਆਗੂਆਂ ਮੰਗ ਕੀਤੀ ਕਿ ਮਾਨ ਸਰਕਾਰ ਕਚੇ ਘਰਾਂ ਨੂੰ ਪੱਕੇ ਕਰਨ ਲਈ 5 ਲੱਖ ਰੁਪਏ ਗ੍ਰਾਂਟ ਦੇਵੇ, ਮਨਰੇਗਾ ਦਾ ਰੋਜ਼ਗਾਰ 200 ਦਿਨ ਕੀਤਾ ਜਾਵੇ ਅਤੇ ਦਿਹਾੜੀ 600 ਰੁਪਏ ਕੀਤੀ ਜਾਵੇ, ਲਾਲ ਲਕੀਰ ਦੇ ਅੰਦਰ ਆਉਂਦੇ ਘਰਾਂ ਨੂੰ ਮਾਲ ਮਹਿਕਮੇ ਵਿਚ ਦਰਜ ਕੀਤਾ ਜਾਵੇ, ਹਰ ਪਿੰਡ ਵਿੱਚ ਸਾਫ ਪਾਣੀ ਮੁਹੱਈਆ ਕੀਤਾ ਜਾਵੇ ਅਤੇ ਮਾਨ ਸਰਕਾਰ ਚੋਣਾਂ ਦੌਰਾਨ ਔਰਤਾਂ ਨਾਲ 1000 ਰੁਪਿਆ ਮਹੀਨਾ ਸਹਾਇਤਾ ਦੇਣ, 2500 ਰੁਪਏ ਬੁਢਾਪਾ ਵਿਧਵਾ ਪੈਨਸ਼ਨ ਕਰਨ, ਬੇਰੁਜ਼ਗਾਰੀ ਭੱਤਾ ਦੇਣ ਅਤੇ ਬੇਘਰਿਆਂ ਨੂੰ 5/5 ਮਰਲੇ ਦੇ ਪਲਾਟ ਦੇਣ ਦੀ ਗਰੰਟੀ ਪੂਰੀ ਕਰੇ। ਰੈਲੀ ਵਿਚ ਮਤਾ ਪਾਸ ਕੀਤਾ ਗਿਆ ਕਿ ਭਾਰਤ ਸਰਕਾਰ ਵਲੋਂ ਕੈਨੇਡਾ ਤੋਂ ਭਾਰਤ ਆਉਣ ਦੇ ਵੀਜ਼ਿਆਂ 'ਤੇ ਲਾਈ ਰੋਕ ਖਤਮ ਕੀਤੀ ਜਾਵੇ। ਰੈਲੀ ਵਿੱਚ ਹੰਸ, ਸੋਨੂੰ, ਹਰੂਵਾਲ, ਮੇਜਰ ਮਨਸੂਰ, ਸਾਹਬਾ, ਯਕੂਬ, ਸਟੀਫਨ ਮੰਗੀਆਂ, ਵਿਲੀਅਮ ਅਤੇ ਅਜੇ ਸ਼ਾਮਲ ਸਨ।

ਐਡੀਸ਼ਨ-2 ਲਾਂਚਿੰਗ ਲਈ ਤਿਆਰ

ਲੁਧਿਆਣਾ : ਪ੍ਰੀਮੀਅਮ ਵੋਡਕਾ ਬ੍ਰਾਂਡ-ਸਕੱਲ ਐਕਸ ਨੇ ਪੰਜਾਬ ਵਿੱਚ ਸਕੱਲ ਐਕਸ ਐਡੀਸ਼ਨ -2 ਲਾਂਚ ਕਰਨ ਦਾ ਐਲਾਨ ਕੀਤਾ। ਹਾਊਸ ਆਫ ਸਕੱਲ ਐਕਸ ਨੂੰ ਸਾਵਧਾਨੀਪੂਰਵਕ ਤਿਆਰ ਕੀਤੇ ਗਏ ਸਪਿਰਟਸ ਦੇ ਸੰਗ੍ਰਹਿ ਲਈ ਜਾਣਿਆ ਜਾਂਦਾ ਹੈ ਜੋ ਕਈ ਤਰ੍ਹਾਂ ਦੇ ਟੇਸਟ ਅਤੇ ਲੋਕਾਂ ਦੀਆਂ ਪ੍ਰੈਫਰੈਂਸ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਜਾਂਦਾ ਹੈ। ਇਸ ਨਵੇਂ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਸਕੱਲ ਐਕਸ ਐਡੀਸ਼ਨ -2 ਦੇ ਨਾਲ ਇਹ ਬ੍ਰਾਂਡ ਪੰਜਾ

27-Sep-PAGE-12.qxd 9/26/2023 10:21 PM Page 1

ਸਿੱਖਿਆ, ਸਿਹਤ, ਰੁਜ਼ਗਾਰ ਤੇ ਕਾਨੂੰਨ ਵਿਵਸਥਾ ਦੇ ਮੁੱਦਿਆਂ 'ਤੇ ਬਹਿਸ ਕਰਨ ਜਾਖੜ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਨੇ ਭਾਜਪਾ ਨੇਤਾਵਾਂ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ 'ਤੇ ਤਿੱਖੇ ਹਮਲੇ ਕੀਤੇ ਹਨ। ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਨਪ੍ਰੀਤ ਬਾਦਲ ਖਿਲਾਫ ਇਹ ਕੇਸ ਬਠਿੰਡਾ ਸ਼ਹਿਰੀ ਦੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਜੋ ਭਾਜਪਾ ਆਗੂ ਹਨ, ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਸਿਆਸੀ ਪ੍ਰਭਾਵ ਦੀ ਵਰਤੋਂ ਕਰਦਿਆਂ ਮਾਡਲ ਟਾਊਨ ਫੇਜ-1 ਬਠਿੰਡਾ ਵਿੱਚ 1560 ਵਰਗ ਗਜ ਦੇ ਦੋ ਪਲਾਟ ਖਰੀਦ ਕੇ ਸਰਕਾਰੀ ਖਜਾਨੇ ਨੂੰ 65 ਲੱਖ ਰੁਪਏ ਦਾ ਵਿੱਤੀ ਨੁਕਸਾਨ ਪਹੁੰਚਾਇਆ। ਕੰਗ ਨੇ ਕਿਹਾ ਕਿ 9 ਸਾਲ ਪੰਜਾਬ ਦੇ ਵਿੱਤ ਮੰਤਰੀ ਰਹੇ ਮਨਪ੍ਰੀਤ ਬਾਦਲ ਦੇ ਕਾਰਜਕਾਲ ਦੌਰਾਨ ਪੰਜਾਬ ਦਾ ਖਜਾਨਾ ਹਮੇਸ਼ਾ 'ਖਾਲੀ' ਰਿਹਾ ਹੈ ਕਿਉਂਕਿ ਉਹ ਹਮੇਸ਼ਾ ਜਨਤਾ ਦੇ ਪੈਸੇ ਲੁੱਟ ਕੇ ਆਪਣਾ ਨਿੱਜੀ ਖਜਾਨਾ ਭਰਨ 'ਚ ਰੁੱਝੇ ਰਹਿੰਦੇ ਸੀ। ਪੰਜਾਬ 'ਤੇ ਪੀੜ੍ਹੀ ਦਰ ਪੀੜ੍ਹੀ ਰਾਜ ਕਰਨ ਵਾਲੇ ਬਾਦਲ ਅਤੇ ਜਾਖੜ ਵਰਗੇ ਲੋਕ ਹਮੇਸ਼ਾ ਇੱਕ ਸਨ ਪਰ ਹੁਣ ਉਹ ਖੁੱਲ੍ਹੇਆਮ ਇਕੱਠੇ ਅਤੇ ਇੱਕੋ ਪਾਰਟੀ ਵਿੱਚ ਹਨ। ਜਾਖੜ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਇਕ ਵਿਅਕਤੀ ਦੀ ਸ਼ਿਕਾਇਤ ਦੇ ਆਧਾਰ

'ਤੇ ਕਾਰਵਾਈ ਕੀਤੀ ਜਾ ਰਹੀ ਹੈ, ਕੀ ਹੁਣ ਸੁਨੀਲ ਜਾਖੜ ਮਨਪ੍ਰੀਤ ਬਾਦਲ ਨੂੰ ਭਾਜਪਾ 'ਚੋਂ ਕੱਢ ਦੇਣਗੇ? ਉਨ੍ਹਾਂ ਕਿਹਾ ਕਿ ਮਾਨ ਸਰਕਾਰ ਲਈ ਸਾਰੇ ਭ੍ਰਿਸ਼ਟ ਲੋਕ ਇਕ ਬਰਾਬਰ ਹਨ। ਕੰਗ ਨੇ ਅੱਗੇ ਕਿਹਾ ਕਿ ਸੁਨੀਲ ਜਾਖੜ ਦੀ ਭਾਜਪਾ ਸਰਕਾਰ ਅਤੇ 'ਆਪ' ਸਰਕਾਰ ਦੀ ਤੁਲਨਾ ਹਾਸੋਹੀਣੀ ਹੈ। ਜੇਕਰ ਸੁਨੀਲ ਜਾਖੜ ਅਸਲ ਮੁੱਦਿਆਂ 'ਤੇ ਬਹਿਸ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਿੱਖਿਆ, ਸਿਹਤ, ਸ਼ਹੀਦਾਂ ਦੇ ਪਰਵਾਰਾਂ ਨੂੰ ਐਕਸ-ਗ੍ਰੇਸ਼ੀਆ, ਨੌਕਰੀਆਂ, ਰੁਜਗਾਰ ਪੈਦਾ ਕਰਨ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਦੇ ਮੁੱਦਿਆਂ 'ਤੇ ਬਹਿਸ ਕਰਨੀ ਚਾਹੀਦੀ ਹੈ। ਕੰਗ ਨੇ ਦਾਅਵਾ ਕੀਤਾ ਕਿ ਭਾਜਪਾ ਸਾਸ਼ਤ ਰਾਜਾਂ ਵਿੱਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ, ਉਨ੍ਹਾਂ ਰਾਜਾਂ ਵਿੱਚ ਔਰਤਾਂ ਸੁਰੱਖਿਅਤ ਨਹੀਂ ਹਨ, ਅਲਪਸੰਖਿਅਕ ਸੁਰੱਖਿਅਤ ਨਹੀਂ ਹਨ। ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ ਜਿਸ ਨੂੰ ਪੰਜਾਬ ਵਿੱਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਪੰਜਾਬ ਦੇ ਲੋਕ ਭਾਜਪਾ ਆਗੂਆਂ ਨੂੰ ਕਦੇ ਵੀ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜੀਐਸਟੀ, ਨੈਸ਼ਨਲ ਹੈਲਥ ਮਿਸਨ ਫੰਡ ਅਤੇ ਪੇਂਡੂ ਵਿਕਾਸ ਫੰਡਾਂ ਦਾ ਪੰਜਾਬ ਦਾ ਪੈਸਾ ਜਾਰੀ ਨਹੀਂ ਕਰ ਰਹੀ, ਜੇਕਰ ਸੁਨੀਲ ਜਾਖੜ ਨੂੰ ਸੂਬੇ ਦੀ ਕੋਈ ਚਿੰਤਾ ਹੈ ਤਾਂ ਉਹ ਕੇਂਦਰ ਸਰਕਾਰ ਨੂੰ ਇਹ ਫੰਡ ਜਾਰੀ ਕਰਨ ਲਈ ਕਹਿਣ। ਕੰਗ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਪਿਛਲੇ 10 ਸਾਲਾਂ 'ਚ ਇਸ਼ਤਿਹਾਰਾਂ 'ਤੇ ਜਨਤਾ ਦੇ 8000 ਕਰੋੜ ਰੁਪਏ ਖਰਚ ਕੀਤੇ ਹਨ ਜਦਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਲੋਕਾਂ ਦੀ ਸਹੂਲਤ ਲਈ ਜਨਤਾ ਦਾ ਪੈਸਾ ਖਰਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਾਖੜ ਨੂੰ ਕੇਂਦਰ ਦੀ ਭਾਜਪਾ ਸਰਕਾਰ ਕੋਲ ਇਹ ਮੁੱਦਾ ਉਠਾਉਣਾ ਚਾਹੀਦਾ ਹੈ ਕਿ ਹੜ੍ਹਾਂ ਤੋਂ ਬਾਅਦ ਵੀ ਪੰਜਾਬ ਨੂੰ ਕੋਈ ਛੋਟ ਕਿਉਂ ਨਹੀਂ ਦਿੱਤੀ ਗਈ, ਫਸਲਾਂ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਪੰਜਾਬ ਨੂੰ ਕੋਈ ਵਿਸ਼ੇਸ਼ ਪੈਕੇਜ ਨਹੀਂ ਦਿੱਤਾ ਗਿਆ।

ਫੁੱਟਵੀਅਰ ਤੇ ਸਹਾਇਕ ਉਦਯੋਗਾਂ 'ਤੇ ਬੀ ਆਈ ਐਸ ਨਿਯਮਾਂ ਨੂੰ ਲਾਗੂ ਕਰਨ ਵਿਰੁੱਧ ਦੇਸ਼ ਵਿਆਪੀ ਵਿਰੋਧ

ਅਲਾਵਲਪੁਰ, (ਮਦਨ ਭੰਗੜ)

ਕੇਂਦਰ ਸਰਕਾਰ ਵਲੋਂ ਹਰ ਕਿਸਮ ਦੇ ਫੁਟਵੀਅਰ 'ਤੇ ਬੀ.ਆਈ.ਐਸ. ਗੁਣਵੱਤਾ ਪ੍ਰਮਾਣਿਕਤਾ ਨੂੰ ਤਰਕਹੀਣ ਢੰਗ ਨਾਲ ਲਾਗੂ ਕਰਨ ਦੇ ਵਿਰੋਧ ਵਿਚ 13 ਰਾਜਾਂ ਦੇ ਫੁੱਟਵੀਅਰ ਨਿਰਮਾਤਾਵਾਂ ਅਤੇ ਸਹਾਇਕ ਉਦਯੋਗਾਂ ਨੇ ਰੋਸ ਦਿਵਸ ਮਨਾਇਆ। ਆਲ ਇੰਡੀਆ ਐਮ ਐਸ ਐਮ ਈ ਫੁਟਵੀਅਰ ਕੌਂਸਲ ਵੱਲੋਂ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਉਦਯੋਗ ਦੇ ਨੇਤਾਵਾਂ ਅਤੇ ਐਮ ਐਸ ਐਮ ਈ ਮਾਲਕਾਂ ਨੇ ਦੱਸਿਆ ਹੈ ਕਿ ਸਰਕਾਰ ਦਾ ਇਹ ਫੈਸਲਾ ਨਾ ਤਾਂ ਵਿਵਹਾਰਕ ਹੈ ਅਤੇ ਨਾ ਹੀ ਵਿਗਿਆਨਕ। ਇਸ ਮੌਕੇ ਰਬੜ ਫੁੱਟਵੀਅਰ ਮੈਨੂਫੈਕਚਰਰਜ ਐਸੋਸੀਏਸ਼ਨ ਦੇ ਪ੍ਰਧਾਨ ਨੀਰਜ ਅਰੋੜਾ ਨੇ ਕਿਹਾ: "ਸਟੈਂਡਰਡ ਮੈਨੂਫੈਕਚਰਿੰਗ/ਪ੍ਰੋਡਕਸ਼ਨ ਪ੍ਰਕਿਰਿਆ, ਜੋ ਵਰਤੀ ਜਾ ਰਹੀ ਹੈ, ਇਹ ਬਿਨਾਂ ਵਿਚਾਰ ਕੀਤੇ ਨਿਰਧਾਰਤ ਕੀਤੇ ਜਾਂਦੇ ਹਨ। ਕੱਚੇ ਮਾਲ ਦੀਆਂ ਕਿਸਮਾਂ ਅਤੇ ਫੁੱਟਵੀਅਰ ਉਤਪਾਦਾਂ ਦੀਆਂ ਸ਼੍ਰੇਣੀਆਂ। ਇਹ ਮਾਪਦੰਡਾਂ ਨੂੰ ਲਾਗੂ ਕਰਨਾ ਅਵਿਵਸਥਿਤ ਬਣਾਉਂਦਾ ਹੈ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਦੁਆਰਾ ਬੁਲਾਈ ਗਈ ਮੀਟਿੰਗ ਵਿੱਚ ਲਾਜ਼ਮੀ ਨਿਯਮਾਂ ਨੂੰ ਲਾਗੂ ਕਰਨ ਵਿੱਚ ਤਕਨੀਕੀ ਅਤੇ ਵਿਹਾਰਕ ਮੁੱਦਿਆਂ ਨੂੰ ਹੱਲ ਕਰਨ ਲਈ ਕਈ ਫੈਸਲੇ

ਲਏ ਗਏ। ਪਿਊਸ਼ ਗੋਇਲ ਵਲੋਂ 5 ਅਗਸਤ ਨੂੰ ਇਸ ਨੂੰ ਸਰਲ, ਵਿਵਹਾਰਕ ਅਤੇ ਵਿਗਿਆਨਕ ਬਣਾਉਣ ਲਈ ਉਠਾਏ ਗਏ ਮੁੱਦਿਆਂ 'ਤੇ ਕਈ ਸਕਾਰਾਤਮਕ ਫੈਸਲੇ ਲੈਣ ਦਾ ਭਰੋਸਾ ਦਿੱਤਾ ਸੀ। ਇਨ੍ਹਾਂ ਵਿੱਚ ਇੱਕ ਲਾਇਸੈਂਸ ਦੇ ਨਾਲ ਇੱਕ ਫੈਕਟਰੀ, ਘੱਟ ਟੈਸਟਿੰਗ ਅਤੇ ਉਹ ਵੀ ਤਿਆਰ ਉਤਪਾਦ 'ਤੇ, ਟੈਸਟਾਂ ਵਿੱਚ ਲੰਬਾ ਅੰਤਰਾਲ, ਮੌਜੂਦਾ ਸਥਿਤੀ ਵਿੱਚ ਰਸਾਇਣਕ ਟੈਸਟਾਂ ਦੀ ਸੰਭਾਵਨਾ, 31 ਦਸੰਬਰ ਤੋਂ ਪਹਿਲਾਂ ਨਿਰਮਿਤ ਸਟਾਕ ਨੂੰ ਵੇਚਣ ਦਾ ਸਮਾਂ ਅਤੇ ਰੀਪ੍ਰੋਸੈਸਡ ਸਮੱਗਰੀ ਦੀ ਵਰਤੋਂ ਕਰਨ ਦੇ ਵਿਕਲਪ ਸ਼ਾਮਲ ਸਨ, ਹਾਲਾਂਕਿ, ਇਨ੍ਹਾਂ ਵਿੱਚੋਂ ਕੋਈ ਵੀ ਅਜੇ ਤੱਕ ਸਾਕਾਰ ਨਹੀਂ ਹੋਇਆ ਹੈ ਕਿਉਂਕਿ ਸਬੰਧਤ ਅਧਿਕਾਰੀਆਂ ਨੇ ਅਜੇ ਤੱਕ ਨਿਯਮਾਂ 'ਚ ਢੁਕਵੀਆਂ ਸੋਧਾਂ ਦਾ ਸੁਝਾਅ ਨਹੀਂ ਦਿੱਤਾ। ਵੱਖ-ਵੱਖ ਰਾਜਾਂ ਵਿੱਚ ਆਪਣੀਆਂ ਫੈਕਟਰੀਆਂ ਅੱਗੇ ਬੈਨਰ ਚੁੱਕ ਕੇ ਹਜਾਰਾਂ ਦੀ ਗਿਣਤੀ ਵਿੱਚ ਫੈਕਟਰੀ ਮਾਲਕਾਂ ਅਤੇ ਮੁਲਾਜ਼ਮਾਂ ਸਮੇਤ ਲੋਕਾਂ ਨੇ ਰੋਸ ਪ੍ਰਦਰਸ਼ਨ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਬੀ.ਬੀ ਜੋਤੀ, ਮਨੋਹਰ ਲਾਲ ਅਗਰਵਾਲ, ਕਪਿਲ, ਰਜਿੰਦਰ ਅਰੋੜਾ, ਇੰਦਰਪ੍ਰੀਤ ਸਿੰਘ ਭਾਟੀਆ, ਅਮਿਤ ਚੱਢਾ, ਭੋਲਾ ਅਰੋੜਾ, ਨੀਰਜ ਕੋਹਲੀ, ਸੁਨੀਲ ਚਾਵਲਾ, ਅਨੀਸ਼ ਅਗਰਵਾਲ, ਨਿਤਿਨ ਅਗਰਵਾਲ, ਬੰਟੀ ਘਈ, ਅੰਕੁਸ਼ ਅਗਰਵਾਲ, ਸਾਹਿਲ ਘਈ, ਗੌਰਵ ਅਗਰਵਾਲ, ਵਿਜੇ ਸਰਮਾ, ਨਿਖਿਲ ਅਗਰਵਾਲ, ਕਾਕੂ ਘਈ, ਯੋਗੇਸ਼ ਕੋਹਲੀ, ਡਾ. ਜੋਤੀ, ਬਬਲੂ ਗੁਪਤਾ, ਵਿਪੁਲ ਸੁਖੀਜਾ, ਰੌਬਿਨ ਅਰੋੜਾ, ਸੰਨੀ ਆਦਿ ਹਾਜ਼ਰ ਸਨ।

ਜਨਮ ਦਿਨ ਮੁਬਾਰਕ



ਗੁਰਮਨ ਕੌਰ, ਰਾਮਪੁਰਾ ਫੂਲ

ਦਿਵਯੰਕਾ, ਕਾਦੀਆਂ

ਵਰ੍ਹੇਗੰਢ ਮੁਬਾਰਕ

ਲੈਂਹਬਰ ਸਿੰਘ ਅਤੇ ਸਤਵਿੰਦਰ ਕੌਰ ਵਾਸੀ ਪਿੱਪਲਾਂਵਾਲਾ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।

ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਐਲੂਮਨੀ ਟੈਕ-ਟਾਕ ਪ੍ਰੋਗਰਾਮ ਤਹਿਤ ਸੈਮੀਨਾਰ

ਜਲੰਧਰ (ਸ਼ੈਲੀ ਐਲਬਰਟ)

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਨੇ ਐਲੂਮਨੀ ਟੈਕ-ਟਾਕ ਪ੍ਰੋਗਰਾਮ ਤਹਿਤ ਸਾਫਟਵੇਅਰ ਡਿਵੈਲਪਮੈਂਟ ਵਿੱਚ ਚੁਣੌਤੀਆਂ ਦੀ ਪੜਚੋਲ ਕਰਨ ਬਾਰੇ ਇੱਕ ਤਕਨੀਕੀ ਸੈਮੀਨਾਰ ਦਾ ਆਯੋਜਨ ਕੀਤਾ। ਕਾਲਜ ਦੇ ਸਾਬਕਾ ਵਿਦਿਆਰਥੀ ਅਮਿਤ ਕੁਮਾਰ ਮੈਨੀ, ਮੈਨੇਜਿੰਗ ਡਾਇਰੈਕਟਰ, ਐਸੇਮ ਟੈਕਨਾਲੋਜੀਜ਼ (ਸਾਫਟਵੇਅਰ ਡਿਵੈਲਪਮੈਂਟ ਕੰਪਨੀ) ਨੋਇਡਾ ਬਤੌਰ ਰਿਸੋਰਸ ਪਰਸਨ ਸ਼ਾਮਲ ਹੋਏ। ਵਿਭਾਗ ਦੇ ਮੁਖੀ ਅਤੇ ਸਮੂਹ ਫੈਕਲਟੀ ਮੈਂਬਰਾਂ ਨੇ ਪ੍ਰਿੰਸੀਪਲ ਡਾ: ਜਸਪਾਲ ਸਿੰਘ ਨੂੰ ਗੁਲਦਸਤਾ ਭੇਂਟ ਕਰਕੇ ਜੀ ਆਇਆਂ ਕਿਹਾ। ਡਾ: ਜਸਪਾਲ ਸਿੰਘ ਨੇ ਸਮਾਗਮ ਦੇ ਮਹਿਮਾਨਾਂ ਦਾ ਰਸਮੀ ਤੌਰ 'ਤੇ ਸਵਾਗਤ ਕਰਦਿਆਂ ਵਿਭਾਗ ਨੂੰ ਅਜਿਹੇ ਉਪਰਾਲਿਆਂ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸੈਮੀਨਾਰਾਂ ਰਾਹੀਂ ਉਦਯੋਗ ਦੀਆਂ ਜ਼ਰੂਰੀ ਚੀਜ਼ਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਸੈਸ਼ਨ ਦੌਰਾਨ ਅਮਿਤ ਕੁਮਾਰ ਮਾਨੀ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਪਾਵਰ ਪੁਆਇੰਟ ਦੁਆਰਾ ਸਮਝਾਉਂਦਿਆਂ ਤਕਨੀਕੀ ਖੇਤਰ ਵਿੱਚ ਕੰਪਿਊਟਰ ਵਿਗਿਆਨ ਦੇ ਗ੍ਰੈਜੂਏਟਾਂ ਅਤੇ ਪੋਸਟ ਗ੍ਰੈਜੂਏਟਾਂ ਦੀ ਉਡੀਕ ਕਰ ਰਹੇ ਭਰਪੂਰ ਮੌਕਿਆਂ ਬਾਰੇ ਚਰਚਾ ਕੀਤੀ। ਇਸ ਤੋਂ ਇਲਾਵਾ, ਉਨ੍ਹਾਂ ਸਾਫਟਵੇਅਰ ਉਦਯੋਗ ਦੁਆਰਾ ਦਰਪੇਸ਼ ਰੁਕਾਵਟਾਂ ਦਾ ਪਤਾ ਲਗਾਇਆ ਅਤੇ ਇਹਨਾਂ ਚੁਣੌਤੀਆਂ ਨੂੰ ਜਿੱਤਣ ਲਈ ਸਮਝਦਾਰ ਰਣਨੀਤੀਆਂ ਪ੍ਰਦਾਨ ਕੀਤੀਆਂ। ਮੈਨੀ ਨੇ ਵਿਦਿਆਰਥੀਆਂ ਨੂੰ ਪੇਸ਼ੇਵਰ ਉਦਯੋਗ ਦੇ ਤਜ਼ਰਬੇ ਦੀ ਨਕਲ ਕਰਦੇ

ਹੋਏ, ਰੀਅਲ-ਵਰਲਡ ਦੇ ਪ੍ਰੋਜੈਕਟਾਂ ਨੂੰ ਤਿਆਰ ਕਰਨ ਲਈ ਕਾਲਜ ਦੀਆਂ ਆਧੁਨਿਕ ਕੰਪਿਊਟਰ ਲੈਬਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ: ਸੰਦੀਪ ਬੱਸੀ, ਪ੍ਰੋ: ਮਨਦੀਪ ਸਿੰਘ ਭਾਟੀਆ, ਡਾ: ਸੰਦੀਪ ਸਿੰਘ, ਡਾ: ਮਨਪ੍ਰੀਤ ਸਿੰਘ ਲੇਹਲ, ਪ੍ਰੋ: ਨਵਨੀਤ ਕੌਰ, ਪ੍ਰੋ: ਹਿਮਾਂਸ਼ੂ, ਪ੍ਰੋ: ਓਂਕਾਰ ਅਤੇ ਵਿਭਾਗ ਦੇ ਹੋਰ ਫੈਕਲਟੀ ਮੈਂਬਰ ਵੀ ਹਾਜ਼ਰ ਸਨ। ਇਸ ਸੈਮੀਨਾਰ ਵਿਚ ਵਿਭਾਗ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਮੰਚ ਸੰਚਾਲਨ ਡਾ. ਦਲਜੀਤ ਕੌਰ ਨੇ ਬਾਖੂਬੀ ਨਿਭਾਇਆ।

ਕੰਪਿਊਟਰ ਅਧਿਆਪਕਾਂ ਦੇ 28 ਦੇ ਸੂਬਾਈ ਧਰਨੇ ਦੀ ਡੀ ਟੀ ਐੱਫ ਵੱਲੋਂ ਹਮਾਇਤ

ਬਹਿਰਾਮ (ਅਵਤਾਰ ਕਲੇਰ)- ਪਿਛਲੇ 18 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਤਨਦੇਹੀ ਨਾਲ ਅਧਿਆਪਨ ਦਾ ਕਾਰਜ ਕਰਨ ਦੇ ਬਾਵਜੂਦ ਰੈਗੂਲਰ ਮੁਲਾਜ਼ਮ ਵਾਲੀਆਂ ਸਹੂਲਤਾਂ ਤੋਂ ਸੱਖਣੇ ਕੰਪਿਊਟਰ ਫੈਕਲਟੀ ਅਧਿਆਪਕਾਂ ਵੱਲੋਂ ਸਿੱਖਿਆ ਵਿਭਾਗ ਵਿੱਚ ਮਰਜਿੰਗ, ਛੇਵਾਂ ਪੰਜਾਬ ਤਨਖਾਹ ਕਮਿਸ਼ਨ ਅਤੇ ਸਿਵਲ ਸੇਵਾ ਨਿਯਮ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ 28 ਸਤੰਬਰ ਨੂੰ ਸਰਕਾਰੀ ਸਮਾਗਮ ਦੇ ਸਮਾਨੰਤਰ ਬੰਗਾ (ਨਵਾਂਸ਼ਹਿਰ) ਵਿਖੇ ਐਲਾਨੀ ਸੂਬਾਈ ਰੈਲੀ ਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਵੱਲੋਂ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਸੂਬਾ ਮੀਤ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਔਜਲਾ ਅਤੇ ਜ਼ਿਲ੍ਹਾ ਸਕੱਤਰ ਮਨੋਹਰ ਲਾਲ ਨੇ ਦੱਸਿਆ ਪੰਜਾਬ ਵਿੱਚ ਰਾਜ ਕਰ ਚੁੱਕੀਆਂ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ 'ਆਪ' ਸਰਕਾਰ ਵੱਲੋਂ ਵੀ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ ਹੈ। ਡੀ.ਟੀ.ਐੱਫ. ਆਗੂਆਂ ਨੇ ਦੱਸਿਆ ਕੇ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਅਤੇ ਫਗਵਾੜਾ ਤਹਿਸੀਲ ਵਿੱਚੋਂ ਬੱਝਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਕੈਨੇਡਾ ਫੇਰੀ ਤੋਂ ਵਾਪਸ ਪਰਤੇ ਸਤੀਸ਼ ਰਿਹਾਨ ਨੇ ਦੋਹਾਂ ਦੇਸ਼ਾਂ ਦੇ ਸੰਬੰਧ ਸੁਧਰਨ ਦੀ ਕੀਤੀ ਕਾਮਨਾ

ਸ਼ਾਹਕੋਟ (ਗਿਆਨ ਸੈਦਪੁਰੀ)

ਪਿਛਲੇ ਦਿਨੀਂ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਕਨੇਡਾ ਦੀ ਫੇਰੀ 'ਤੇ ਸਨ। ਉੱਥੇ ਉਨ੍ਹਾਂ ਕਈ ਸਮਾਗਮਾਂ ਵਿੱਚ ਹਿੱਸਾ ਲਿਆ। ਅਲਬਰਟਾ ਸੂਬੇ ਦੀ ਕੈਪੀਟਲ ਸਿਟੀ ਐਡਮਿਟਨ ਵਿਖੇ ਵਿਧਾਨ ਸਭਾ ਭਵਨ ਵਿੱਚ ਉੱਥੋਂ ਦੇ ਵਿਧਾਇਕ ਜਸਵੀਰ ਦਿਉਲ ਨਾਲ ਸਤੀਸ਼ ਰਿਹਾਨ ਦੀ ਵਿਸ਼ੇਸ਼ ਮਿਲਣੀ ਦੌਰਾਨ ਦਿਓਲ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਨਿੱਘਾ ਸਵਾਗਤ ਕੀਤਾ। ਦੋਵਾਂ ਆਗੂਆਂ ਅਲਬਰਟਾ ਪੜ੍ਹਨ ਗਏ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸੇ ਤਰ੍ਹਾਂ ਸਤੀਸ਼ ਕੁਮਾਰ ਰਿਹਾਨ ਦੀ ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਨਾਲ ਮੁਲਾਕਤ ਹੋਈ। ਸਿਟੀ ਹਾਲ ਵਿੱਚ ਹੋਈ ਮੀਟਿੰਗ ਵਿੱਚ ਰਿਹਾਨ ਹੁਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੋਵਾਂ ਆਗੂਆਂ ਨੇ ਸ਼ਹਿਰ ਦੇ ਭਵਿੱਖ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ। ਸਤੀਸ਼ ਰਿਹਾਨ ਐਡਮਿੰਟਨ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਨਤਮਸਤਕ ਹੋਣ ਗਏ ਤਾਂ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇੱਕ ਹੋਰ ਸਮ